

# ਦੂਸਰਾ ਵੈਤਾਲਿਆ ਅਧਿਐਨ

ਇਸ ਦਾ ਛੰਦ ਸੰਸਕ੍ਰਿਤ ਦਾ ਵੈਤਾਲਿਆ ਹੈ। ਇਸ ਛੰਦ ਵਿਚ ਰਚਨਾ ਕਾਰਣ ਹੀ ਇਹ ਵੈਤਾਲਿਆ ਅਧਿਐਨ ਹੈ। ਇਸ ਸ਼ਬਦ ਦਾ ਦੂਸਰਾ ਰੂਪ ਵੈਦਾਰਿਕ ਹੈ ਜਿਸ ਦਾ ਭਾਵ ਹੈ ਕਿ ਇਹ ਅਧਿਐਨ ਕਰਮ ਦੀ ਵਿਦਾਰਨਾ ਕਰਨ ਵਾਲਾ ਭਾਵ ਕਰਮ ਪ੍ਰੰਪਰਾ ਦੇ ਵਿਨਾਸ਼ ਕਰਨ ਵਾਲਾ ਹੈ। ਟੀਕਾਕਾਰ ਤੇ ਨਿਰਯੁਕਤੀ ਇਸ ਦੇ ਦੋਵੇਂ ਅਰਥ ਕਰਦੇ ਹਨ।

ਇਸ ਅਧਿਐਨ ਦਾ ਇਤਿਹਾਸਕ ਪਿਛੋਕੜ ਵੀ ਹੈ। ਪਹਿਲੇ ਤੀਰਥੰਕਰ ਭਗਵਾਨ ਰਿਸ਼ਵ ਦੇਵ ਜੀ ਸਨ ਜਿਨ੍ਹਾਂ ਨੇ ਮਾਤਾ ਮਰੂ ਦੇਵੀ ਤੇ ਪਿਤਾ ਰਾਜਾ ਨਾਭੀ ਦੇ ਘਰ ਅਯੋਧਿਆ ਵਿਖੇ ਜਨਮ ਲਿਆ।

ਆਪ ਦੇ ਵਡੇ ਲੜਕੇ ਭਰਤ ਚੱਕਰਵਰਤੀ ਬਨਣ ਦੀ ਤਿਆਰੀ ਕਰਨ ਲਗੇ। ਉਨ੍ਹਾਂ ਸਾਰੇ ਰਾਜਿਆਂ ਨੂੰ ਅਧੀਨ ਕਰ ਲਿਆ। ਉਨ੍ਹਾਂ ਆਪਣੇ 98 ਭਰਾਵਾਂ ਨੂੰ ਅਧੀਨ ਹੋਣ ਲਈ ਕਿਹਾ। ਇਨ੍ਹਾਂ ਭਰਾਵਾਂ ਨੇ ਭਰਤ ਦੀ ਅਧੀਨਗੀ ਦੀ ਪੇਸ਼ਕਸ਼ ਠੁਕਰਾ ਕੇ ਸਾਧੂ ਜੀਵਨ ਅੰਗੀਕਾਰ ਕਰਨਾ ਠੀਕ ਸਮਝਿਆ।

ਇਸ ਅਧਿਐਨ ਵਿਚ ਭਗਵਾਨ ਰਿਸ਼ਵਦੇਵ ਦਾ ਉਹ ਉਪਦੇਸ਼ ਦਰਜ ਹੈ ਜੋ ਉਨ੍ਹਾਂ ਅਪਣੇ ਪੁੱਤਰਾਂ ਨੂੰ ਸਾਧੂ ਬਨਣ ਤੋਂ ਪਹਿਲਾਂ ਦਿੱਤੀ ਸੀ।

ਭਗਵਾਨ ਰਿਸ਼ਵਦੇਵ ਨੇ ਸੰਸਾਰਿਕ ਪਦਾਰਥਾਂ ਦੀ ਵਿਨਾਸ਼ਤਾ, ਵਿਸ਼ੇਭੋਗ ਦਾ ਵਰਨਣ ਇਸ ਅਧਿਐਨ ਵਿਚ ਕਰਕੇ ਉਨ੍ਹਾਂ ਦੇ ਵੈਰਾਗ ਨੂੰ ਮਜਬੂਤ ਕੀਤਾ।

ਇਸੇ ਅਧਿਐਨ ਵਿਚ ਇਹੋ ਉਪਦੇਸ਼ ਦਰਜ ਹੈ। ਇਸ ਅਧਿਐਨ ਦੇ ਤਿੰਨ ਉਦੇਸ਼ਕ ਹਨ। ਪਹਿਲੇ ਉਦੇਸ਼ਕ ਵਿਚ ਹਿੱਤ ਦੀ ਪ੍ਰਾਪਤੀ ਤੇ ਅਹਿੱਤ ਦੇ ਤਿਆਗ ਦਾ ਉਪਦੇਸ਼ ਹੈ। ਦੂਸਰੇ ਉਦੇਸਕ ਵਿਚ ਅਭਿਮਾਨ ਤਿਆਗ ਅਤੇ ਸੰਸਾਰ ਦੀ ਅਸਾਰਤਾ ਦਾ ਵਰਨੋਣ ਹੈ। ਤੀਸਰੇ ਉਦੇਸ਼ਕ ਵਿਚ ਦਸਿਆ ਗਿਆ ਹੈ ਕਿ ਅਗਿਆਨਤਾ ਕਾਰਣ ਵਧੇ ਹੋਏ ਕਰਮਾਂ ਦਾ ਨਾਸ਼ ਕਰਨਾ ਜ਼ਰੂਰੀ ਹੈ।

ਇਸ ਲਈ ਸਾਧੂ-ਸਾਧਵੀ ਨੂੰ ਐਸ਼-ਆਰਾਮ ਤੇ ਪ੍ਰਮਾਦ (ਅਣਗਹਿਲੀ) ਦਾ ਤਿਆਗ ਜ਼ਰੂਰੀ ਹੈ।

# ਪਹਿਲਾ ਉਦੇਸ਼ਕ

[illegible]

ਭਗਵਾਨ ਰਿਸ਼ਭਦੇਵ ਆਖਦੇ ਹਨ, ਹੇ ਜੀਵੋਂ ! ਤੁਸਾਂ ਬੋਧੀ (ਆਤਮ ਗਿਆਨ) ਨੂੰ ਪ੍ਰਾਪਤ ਕਰੋਂ । ਇਸ ਬੋਧੀ ਨੂੰ ਕਿਉਂ ਪ੍ਰਾਪਤ ਨਹੀਂ ਕਰਦੇ ? ਜੋ ਰਾਤ ਬੀਤ ਜਾਂਦੀ ਹੈ ਉਹ ਵਾਪਿਸ ਨਹੀਂ ਆਉਂਦੀ । ਸੰਜਮ ਰੂਪੀ ਜੀਵਨ ਵੀ, ਔਖਾ ਹੀ ਪ੍ਰਾਪਤ ਹੁੰਦਾ ਹੈ । (2)

"ਜਿਵੇਂ ਬਾਜ਼ ਪੰਛੀ, ਬਟੇਰ ਨੂੰ ਅਚਾਨਕ ਚੁੱਕ ਲੈਂਦਾ ਹੈ । ਉਸੇ ਪ੍ਰਕਾਰ ਮੌਤ ਵੀ ਜੀਵ ਨੂੰ ਕਿਸੇ ਵੀ ਅਵਸਥਾ ਵਿੱਚ ਚੁੱਕ ਸਕਦੀ ਹੈ । ਕਈ ਬਚਪਨ ਵਿੱਚ ਮਰ ਜਾਂਦੇ ਹਨ । ਕਈ ਬੁਢਾਪੇ ਵਿੱਚ ਮਰ ਜਾਂਦੇ ਹਨ । ਕੋਈ ਗਰਭ ਵਿੱਚ ਹੀ ਵਿਨਾਸ਼ ਹੋ ਜਾਂਦੇ ਹਨ । ਉਮਰ ਖਤਮ ਹੋਣ ਤੇ ਪ੍ਰਾਣੀ ਦਾ ਜੀਵਨ ਨਸ਼ਟ ਹੋ ਜਾਂਦਾ ਹੈ । (2)

ਕੋਈ ਕੋਈ ਮਨੁੱਖ ਮਾਤਾ, ਪਿਤਾ ਆਦਿ ਦੇ ਮੋਹ ਵਿੱਚ ਫਸ ਕੇ ਸੰਸਾਰ ਵਿੱਚ ਭਰਮਣ ਕਰਦੇ ਹਨ । ਅਜਿਹੇ ਜੀਵਾਂ ਨੂੰ ਪਰਲੋਕ ਵਿੱਚ ਚੰਗੀ ਗਤੀ ਨਹੀਂ ਮਿਲਦੀ । ਇਸ ਲਈ ਮੋਹ ਆਦਿ ਡਰ ਨੂੰ ਵੇਖਕੇ ਮੁਨੀ ਅਰੰਭ (ਪਾਪ ਰਹਿਤ) ਹੋ ਜਾਵੇ । (3)

ਆਰੰਭ (ਪਾਪ ਰਹਿਤ ਜੀਵਨ) ਤੋਂ ਛੁਟਕਾਰਾ ਨਾ ਪਾਉਣ ਵਾਲਾ, ਭਿੰਨ ਭਿੰਨ ਗਤੀਆਂ ਵਿੱਚ ਕੀਤ ਕਰਮਾਂ ਦਾ ਫਲ ਭੋਗਨ ਲਈ ਨਰਕ ਵਿੱਚ ਜਾਂਦਾ ਹੈ । ਕਰਮਾਂ ਦਾ ਫਲ ਭੋਗੇ ਬਿਨਾ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ । (4)

ਦੇਵ, ਗੰਧਰਵ, ਰਾਖਸ਼, ਅਸੁਰ, ਭੂਮਿਚਰ, ਸਰੀ ਸਰੱਪ, (ਸੱਪ ਆਦਿ ਰੇਂਗਣ ਵਾਲੇ ਜੀਵ) ਰਾਜਾ, ਮਨੁੱਖ, ਸੇਠ, ਬ੍ਰਹਮਣ ਆਦਿ ਸਾਰੇ ਹੀ ਦੁੱਖੀ ਹੋ ਕੇ ਆਪਣੀ ਜਗ੍ਹਾ ਤੋਂ ਪ੍ਰਾਨ ਤਿਆਗਦੇ ਹਨ । ਭਾਵ ਇਹ ਕਿ ਮੌਤ ਹਰ ਪ੍ਰਾਣੀ ਲਈ, ਹਰ ਗਤੀ ਵਿੱਚ ਨਿਸ਼ਚਿਤ ਹੈ । (5)

ਜਿਵੇਂ ਤਾਲ ਦੇ ਦਰਖਤ ਦਾ ਫਲ ਬੰਧਨ ਤੋਂ ਟੁੱਟਕੇ ਅਚਾਨਕ ਹੀ ਹੇਠਾਂ ਗਿਰ ਜਾਂਦਾ ਹੈ । ਇਸੇ ਪ੍ਰਕਾਰ ਕਾਮ, ਭੋਗਾਂ ਵਿੱਚ ਅਤੇ ਪਰਿਵਾਰ ਦੇ ਮੋਹ ਵਿੱਚ ਫਸਿਆ ਜੀਵ ਉਮਰ ਖਤਮ ਹੋਣ ਤੇ ਮੌਤ ਨੂੰ ਪ੍ਰਾਪਤ ਹੁੰਦਾ ਹੈ । (6)

ਚਾਹੇ ਕੋਈ ਸ਼ਾਸ਼ਤਰਾਂ ਦਾ ਜਾਣਕਾਰ ਹੋਵੇ ਚਾਹੇ ਧਾਰਮਿਕ ਹੋਵੇ, ਚਾਹੇ ਬ੍ਰਾਹਮਣ ਹੋਵੇ ਜਾਂ ਭਿਛਸ਼ੂ ਹੋਵੇ, ਜੇ ਉਹ ਮਾਇਆ [ਠੱਗੀ] ਦਾ ਸੇਵਨ ਕਰਦਾ ਹੈ, ਉਹ ਆਪਣੇ ਤੇਜ ਕਰਮਾਂ ਦੇ ਫਲ ਤੋਂ ਦੁੱਖੀ ਹੁੰਦਾ ਹੈ । ਭਾਵੇਂ ਕਰਮ ਕਿਸੇ ਨੂੰ ਨਹੀਂ ਵਖਸ਼ਦਾ । (7)

ਹੇ ਸਿਸ਼ ! ਕਈ ਲੋਕ ਪਰਿਗ੍ਰਹਿ ਨੂੰ ਛੱਡ ਕੇ ਸਾਧੂ ਦੀਖਿਆ ਗ੍ਰਹਿਣ ਕਰਦੇ ਹਨ। ਪਰ ਉਹ ਸੰਜਮ ਦਾ ਠੀਕ ਪਾਲਣ ਨਹੀਂ ਕਰ ਸਕਦੇ। ਅਜਿਹੇ ਲੋਕ ਮੁਕਤੀ ਦੀਆਂ ਗੱਲਾਂ ਤਾਂ ਕਰਦੇ ਹਨ, ਪਰ ਮੁਕਤੀ ਲਈ ਕੋਈ ਯਤਨ ਨਹੀਂ ਕਰਦੇ। ਤੁਸੀਂ ਅਜਿਹੇ ਲੋਕਾਂ ਦੀ ਸ਼ਰਣ ਗ੍ਰਹਿਣ ਕਰਕੇ ਲੋਕ ਪਰਲੋਕ ਬਾਰੇ ਕਿਵੇਂ ਜਾਣ ਸਕਦੇ ਹੋ, ਅਜਿਹਾ ਭਰਿਸ਼ਟ ਅਨੇਤੀਰਥੀ ਵਿਚਕਾਰ ਹੀ ਫਸ ਜਾਂਦੇ ਹਨ ਤੇ ਕਰਮਾਂ ਦੇ ਫਲ ਦਾ ਦੁੱਖ ਉਠਾਉਂਦੇ ਹਨ। (8)

ਭਾਵੇਂ ਕੋਈ ਨੰਗਾ ਤੇ ਪਰਿਗ੍ਰਹਿ ਰਹਿਤ ਹੋ ਕੇ ਘੁੰਮਦਾ ਹੈ, ਮਹੀਨੇ ਮਹੀਨੇ ਦੀ ਤਪੱਸਿਆ ਵੀ ਕਰਦਾ ਹੈ। ਪਰ ਜੋ ਮਾਇਆ ਵਿਚ ਫਸਿਆ ਹੈ ਉਹ ਅਨੰਤ ਕਾਲ ਤਕ ਗਰਭ ਅਵਸਥਾ ਵਾਲੇ ਦੁੱਖ ਭੋਗਦਾ ਹੈ। (9)

"ਹੇ ਪੁਰਸ਼ ! ਹੁਣ ਤੂੰ ਪਾਪ ਕਰਮ ਛੱਡ ਦੇ, ਕਿਉਂਕਿ ਮਨੁੱਖੀ ਜੀਵਨ ਨਾਸ਼ਵਾਨ ਹੈ ਜੋ ਮਨੁੱਖ ਨਾਸ਼ਵਾਨ ਜੀਵਨ ਨੂੰ ਪਿਆਰ ਕਰਦਾ ਹੋਇਆ ਕਾਮ-ਭੋਗਾਂ ਵਿੱਚ ਰੁਝਿਆ ਹੈ ਉਹ ਹਿੱਤ ਅਹਿੱਤ ਨੂੰ ਨਾ ਜਾਣਦਾ ਹੋਇਆ, ਮੋਹ ਨੂੰ ਪ੍ਰਾਪਤ ਹੁੰਦਾ ਹੈ। (10)

"ਹੇ ਮਨੁੱਖ ! ਤੂੰ ਯਤਨਾ [ਸਾਵਧਾਨੀ] ਨਾਲ ਅਪਣੇ ਅੰਦਰਲੇ ਤੇ ਬਾਹਰਲੇ ਜੀਵਨ ਨੂੰ ਬਿਤਾ, ਕਿਉਂਕਿ ਯਤਨਾ [ਸਾਵਧਾਨੀ] ਤੋਂ ਬਿਨਾਂ ਸੂਖਮ ਜੀਵਾਂ ਨਾਲ ਭਰੇ ਰਾਹ ਉੱਪਰੋਂ ਗੁਜ਼ਰਨਾ ਕਠਿਨ ਹੈ। ਇਸ ਤਰ੍ਹਾਂ ਅਨੁਸ਼ਾਸਨ ਵਿਚ ਗੁਜ਼ਰਨਾ ਚਾਹੀਦਾ ਹੈ। ਇਹੋ ਤੀਰਥੰਕਰਾਂ ਦਾ ਕਥਨ ਹੈ।" (11)

"ਜਿਨ੍ਹਾਂ ਪਾਪਾਂ ਦਾ ਤਿਆਗ ਕਰ ਦਿੱਤਾ ਹੈ, ਕਰਮਾਂ ਦੀ ਪ੍ਰੰਪਰਾ ਨੂੰ ਛੇਕ ਕਰ ਦਿੱਤਾ ਹੈ। ਉਹ ਹੀ ਸੰਜਮ ਦੇ ਪਾਲਣ ਵਿੱਚ ਸਾਵਧਾਨ ਹਨ। ਜੋ ਕਰੋਧ, ਮਾਨ, ਮਾਇਆ ਤੇ ਲੋਭ ਦਾ ਤਿਆਗ ਕਰਕੇ ਸਭ ਪ੍ਰਕਾਰ ਤੋਂ ਹਿੰਸਾ ਦਾ ਤਿਆਗ ਕਰਦੇ ਹਨ ? ਉਹ ਮੁਕਤ ਜੀਵਾਂ ਦੀ ਤਰ੍ਹਾਂ ਹੀ ਹਨ।" (12)

ਗਿਆਨੀ ਪੁਰਸ਼ ਸੋਚੇ, "ਮੈਂ ਇਕੱਲਾ ਨਹੀਂ, ਜੋ ਸੰਸਾਰ ਦੇ ਦੁੱਖਾਂ ਤੋਂ ਪੀੜਿਤ ਹਾਂ ਹੋਰ ਵੀ ਜੀਵ ਇਸੇ ਤਰ੍ਹਾਂ ਹੀ ਦੁੱਖ ਪਾ ਰਹੇ ਹਨ।" ਇਸ ਤਰ੍ਹਾਂ ਵਿਚਾਰਦਾ ਹੋਇਆ ਗਿਆਨੀ ਦੁੱਖਾਂ ਤੇ ਮੁਸੀਬਤਾਂ ਦਾ ਸਮਭਾਵ ਨਾਲ ਸਾਹਮਣਾ ਕਰੇ। (13)

"ਜਿਵੇਂ ਲਿੱਪੀ ਹੋਈ ਕੰਧ ਤੇ, ਲੇਪ ਹਟਾਉਣ ਨਾਲ ਕੰਧ ਕਮਜ਼ੋਰ ਪੈ ਜਾਂਦੀ ਹੈ ਉਸੇ ਪ੍ਰਕਾਰ ਤਪ ਰਾਹੀਂ ਸ਼ਰੀਰ ਨੂੰ ਕਮਜੋਰ ਬਨਾਉਣਾ ਚਾਹੀਦਾ ਹੈ।" ਅਹਿੰਸਾ ਦਾ

---

ਟਿੱਪਣੀ ਗਾਥਾ 12—ਸਾਧੂ ਦਾ ਤਿਆਗ ਤਿੰਨ ਕਰਨ, ਤਿੰਨ ਯੋਗ ਨਾਲ ਹੁੰਦਾ ਹੈ,
ਤਿੰਨ ਕਰਨ ਹਨ—ਕਰਨਾ, ਕਰਾਉਣਾ ਤੇ ਕਰਦੇ ਨੂੰ ਚੰਗਾ ਸਮਝਣਾ।
ਤਿੰਨ ਯੋਗ ਹਨ—ਮਨ, ਵਚਨ ਤੇ ਕਾਇਆ (ਸ਼ਰੀਰ)।

ਪਾਲਣ ਕਰਦੇ ਹੋਏ ਮੁਨੀ ਨੂੰ ਕਰਮ ਬੰਧਨਾਂ ਨੂੰ) ਕਮਜ਼ੋਰ ਕਰਨਾ ਚਾਹੀਦਾ ਹੈ।" ਕਿਉਂਕਿ ਸਰਵੱਗ ਅਰਿਹੰਤਾਂ ਨੇ ਅਜਿਹੇ ਧਰਮ ਦਾ ਉਪਦੇਸ਼ ਜੀਵਾਂ ਦੇ ਭਲੇ ਲਈ ਫਰਮਾਇਆ ਹੈ। (14)

"ਜਿਵੇਂ ਪੰਛੀ ਆਪਣੇ ਪਰਾਂ ਨੂੰ ਲੱਗੀ ਧੂੜ ਨੂੰ ਹਿਲਾ ਕੇ ਦੂਰ ਕਰ ਲੈਂਦੇ ਹਨ। ਉਸੇ ਤਰ੍ਹਾਂ ਮੁਕਤੀ ਦੇ ਇੱਛੁਕ, ਤਪੱਸਵੀ, ਅਹਿੰਸਕ ਧਰਮਾਂ ਦਾ ਨਾਸ਼ ਕਰ ਲੈਂਦੇ ਹਨ। (15)

ਘਰ ਦੇ ਤਿਆਗੀ, ਏਸ਼ਨਾ ਸਮਿਤੀ ਦਾ ਪਾਲਣ ਕਰਨ ਵਾਲੇ, ਸੰਜਮੀ, ਤਪੱਸਵੀ ਮੁਨੀ, ਉਸ ਦੇ ਸੰਸਾਰਿਕ ਰਿਸ਼ਤੇਦਾਰ ਮਾਤਾ, ਪੁੱਤਰ, ਪੋਤੇ, ਬੜੇ (ਮਾਤਾ, ਪਿਤਾ) ਭਾਵੇਂ ਲੱਖ ਰੋਕਣ, ਪਰ ਅਜਿਹੇ ਪੁਰਸ਼ ਨੂੰ ਬਸ ਵਿੱਚ ਨਹੀਂ ਕਰ ਸਕਦੇ। (16)

ਸਾਧੂ ਦੇ ਸੰਸਾਰਿਕ ਮਾਤਾ ਪਿਤਾ ਸਾਧੂ ਕੋਲ ਆ ਕੇ ਲੱਖ ਵਿਰਲਾਪ ਕਰਨ, ਪੁੱਤਰ ਦੀ ਮਮਤਾ ਦਾ ਵਾਸਤਾ ਪਾਉਣਾ, ਤਾਂ ਵੀ ਸੰਜਮ ਲਈ ਤਿਆਰ, ਮੁਕਤੀ ਪੱਥ ਦਾ ਯਾਤਰੀ ਡੋਲਦਾ ਨਹੀਂ ਅਤੇ ਗ੍ਰਹਿਸਥ ਵਿੱਚ ਨਹੀਂ ਫਸਦਾ। (17)

ਭਾਵੇਂ ਪਰਿਵਾਰ ਵਾਲੇ ਸਾਧੂ ਨੂੰ ਕਾਮ-ਭੋਗਾਂ ਲਈ ਲਾਲਚ ਦੇਣ, ਤਾਂ ਵੀ ਬੁੱਧੀਮਾਨ ਅਸੰਜਮੀ ਜੀਵਨ ਨੂੰ ਪਸੰਦ ਨਹੀਂ ਕਰਦਾ। ਘਰ ਵਾਲੇ ਅਜਿਹੇ ਮਨੁੱਖ ਨੂੰ ਘਰ ਵਿੱਚ ਨਹੀਂ ਰਖ ਸਕਦੇ। (18)

ਸਾਧੂ ਪ੍ਰਤਿ ਮਮਤਾ ਰੱਖਣ ਵਾਲੇ ਮਾਪੇ, ਪੁੱਤਰ ਅਤੇ ਪਤਨੀ ਵੀ ਇਸੇ ਪ੍ਰਕਾਰ ਆਖਦੇ ਹਨ, "ਹੇ ਮੁਨੀ! ਤੂੰ ਸਮਝਦਾਰ ਹੈ, ਤੂੰ ਸਾਡਾ ਪਾਲਣ ਪੋਸ਼ਣ ਕਰ। ਮਾਂ ਪਿਓ ਦੀ ਸੇਵਾ ਨਾ ਕਰਨ ਵਾਲੇ ਦਾ ਪਰਲੋਕ (ਸਦਗਤੀ) ਵਿਗੜ ਜਾਂਦਾ ਹੈ। ਇਸ ਲਈ ਸਾਡੀ ਦੇਖ ਭਾਲ ਕਰੋ।"(19)

ਕੋਈ ਕੋਈ ਸੰਜਮ ਰਹਿਤ, ਅਜੇਹੀ ਪ੍ਰਾਰਥਨਾ ਵਿੱਚ ਸੰਜਮ ਤੋਂ ਗਿਰ ਜਾਂਦਾ ਹੈ। ਅਸੰਜਮੀ ਪੁਰਸ਼ਾਂ ਦੁਆਰਾ ਭਰਿਸ਼ਟ ਹੋਣ ਤੇ ਵੀ ਉਹ ਪਾਪ ਕਰਮ ਤੋਂ ਸ਼ਰਮ ਮਹਿਸੂਸ ਨਹੀਂ ਕਰਦੇ। (20)

"ਮੋਹ ਵਸ ਹੋ ਕੇ ਮਨੁੱਖ ਪਾਪ ਕਰਨ ਵਿੱਚ ਬੇਸ਼ਰਮ ਬਣ ਜਾਂਦਾ ਹੈ। ਇਸ ਲਈ ਹੇ ਪੰਡਿਤ (ਗਿਆਨੀ)! ਤੂੰ ਰਾਗ ਦਵੇਸ਼ ਰਹਿਤ ਹੋਕੇ ਵਿਚਾਰ ਕਰ। ਸੱਤ ਅਤੇ ਅਸੱਤ ਤੋਂ ਜਾਣੂ ਹੋ ਕੇ, ਪਾਪ ਛੱਡ ਕੇ ਚੰਗੇ ਰਾਹ ਤੇ ਚੱਲ। ਵੀਰ ਪੁਰਸ਼ ਹੀ ਮਹਾਨ ਰਾਹ ਤੇ ਚਲਦੇ ਹਨ। ਇਹੋ ਮਹਾ ਮਾਰਗ ਸਿੱਧੀ ਦਾ ਰਾਹ ਹੈ ਅਤੇ ਮੁਕਤੀ ਦੇ ਨੇੜੇ ਲੈ ਜਾਣ ਵਾਲਾ ਹੈ। ਧਰੁਵ (ਸਥਿਰ) ਤੇ ਪਾਪ ਰਹਿਤ ਹੈ। (21)

ਕਰਮਾਂ ਦੇ ਬੰਧਨਾਂ ਨੂੰ ਛੇਦਨ ਵਾਲਾ ਮਨ, ਵਚਨ, ਕਾਇਆ ਦੀ ਗੁਪਤੀ ਰਾਹੀਂ, ਧਨ, ਦੌਲਤ, ਪਰਿਵਾਰ, ਪਾਪ ਦਾ ਤਿਆਗ ਕਰਕੇ, ਸੁਚੱਜੇ ਢੰਗ ਨਾਲ ਸੰਜਮ ਦਾ ਪਾਲਣ ਕਰੇ। ਇਸ ਪ੍ਰਕਾਰ ਮੈਂ ਆਖਦਾ ਹਾਂ।

# ਦੂਸਰਾ ਉਦੇਸ਼ਕ

(ਭਗਵਾਨ ਰਿਸ਼ਵਦੇਵ ਆਪਣੇ ਪੁੱਤਰਾਂ ਨੂੰ ਉਪਦੇਸ਼ ਦਿੰਦੇ ਹੋਏ ਆਖਦੇ ਹਨ) "ਜਿਵੇਂ ਸੱਪ ਕੁੰਜ ਛੱਡਣ ਯੋਗ ਸਮਝ ਕੇ ਛੱਡ ਦਿੰਦਾ ਹੈ, ਉਸੇ ਪ੍ਰਕਾਰ ਮੁਨੀ ਨੂੰ ਕਰਮ ਰੂਪੀ ਧੂੜ ਛੱਡ ਦੇਣੀ ਚਾਹੀਦੀ ਹੈ। ਕਸ਼ਾਏ ਦੀ ਅਣਹੋਂਦ ਸਦਕਾ ਹੀ ਕਰਮਾਂ ਦੀ ਅਣਹੋਂਦ ਹੈ। ਅਜਿਹਾ ਸਮਝਦਾ ਹੋਇਆ ਸਾਧੂ ਜਾਤ, ਗੋਤ ਦਾ ਅਹੰਕਾਰ ਨਾ ਕਰੇ। ਦੂਸਰੇ ਦੀ ਨਿੰਦਾ ਕਲਿਆਣਕਾਰੀ ਨਹੀਂ, ਇਹ ਸਮਝ ਕੇ ਨਿੰਦਾ ਨਾ ਕਰੇ। (1)

"ਜੋ ਦੂਸਰੇ ਦੀ ਪ੍ਰਵਾਹ ਨਹੀਂ ਕਰਦਾ, ਉਹ ਲੰਬਾ ਸਮਾਂ ਜਨਮ ਮਰਨ ਦੇ ਚੱਕਰ ਵਿੱਚ ਘੁੰਮਦਾ ਰਹਿੰਦਾ ਹੈ।" ਅਜਿਹਾ ਜਾਣ ਕੇ ਕਿਸੇ ਦੂਸਰੇ ਤੇ ਦੋਸ਼ ਮੜ੍ਹਨਾ ਚੰਗਾ ਨਹੀਂ। "ਮੈਂ ਦੂਸਰੇ ਤੋਂ ਛੋਟਾ ਹਾਂ, ਮੈਂ ਦੂਸਰੇ ਤੋਂ ਵੱਡਾ ਹਾਂ।" ਅਜਿਹਾ ਹੰਕਾਰ ਨਾਲ ਭਰਿਆ ਵਿਚਾਰ ਛੱਡਣ ਯੋਗ ਹੈ। (2)

"ਚਾਹੇ ਕੋਈ ਕਿੰਨਾ ਵੀ ਮਹੱਤਵ ਪੂਰਣ ਤੇ ਸ਼ਕਤੀਸ਼ਾਲੀ ਚੱਕਰਵਰਤੀ ਰਾਜਾ ਹੋਵੇ, ਚਾਹੇ ਕੋਈ ਨੌਕਰ ਦਾ ਨੌਕਰ ਹੋਵੇ। ਜੋ ਕੋਈ ਵੀ ਮੁਨੀ ਵਰਤ ਗ੍ਰਹਿਣ ਕਰ ਚੁੱਕਾ ਹੈ ਉਸ ਨੂੰ ਝੂਠੀ ਸ਼ਰਮ ਨੂੰ ਤਿਆਗ ਕੇ, ਉਸ ਤਿਆਗੀ ਨਾਲ ਸਮਾਨਤਾ ਪੂਰਵਕ ਵਿਵਹਾਰ ਕਰਨਾ ਚਾਹੀਦਾ ਹੈ। ਭਾਵੇਂ ਆਪਣੇ ਤੋਂ ਪਹਿਲਾਂ ਮੁਨੀ ਬਣੇ ਦਾਸ ਨੂੰ ਵੀ ਬੰਦਨਾ ਕਰਨਾ ਜ਼ਰੂਰੀ ਹੈ। ਇਸ ਵਿੱਚ ਹੰਕਾਰ ਨਹੀਂ ਕਰਨਾ ਚਾਹੀਦਾ ਹੈ। (3)

ਠੀਕ ਤਰ੍ਹਾਂ ਨਾਲ ਸ਼ੁੱਧ, ਜੀਵਨ ਭਰ ਸੰਜਮ ਦੀ ਸਾਧਨਾ ਕਰਨ ਵਾਲਾ, ਸ਼ੁੱਧ ਵਿਚਾਰਾਂ ਵਾਲਾ, ਸਾਮਾਇਕ ਛੇਦੋ ਸਥਾਪਨੀਆਂ ਚਾਰਿਤਰ (ਮੁਨੀ ਦੀਖਿਆ ਦਾ ਇੱਕ ਸ਼ੁੱਧ ਸਰੂਪ) ਵਾਲਾ ਮੁਨੀ, ਵਿਵੇਕ ਪੂਰਵਕ ਜੀਵਨ ਦੀ ਆਖਰੀ ਘੜੀ ਤੱਕ ਸੰਜਮ ਦਾ ਪਾਲਣ ਕਰੇ। (4)

ਤਿੰਨ ਕਾਲ ਦਾ ਤ੍ਰਿਕਾਲ-ਦਰਸ਼ੀ ਮੋਕਸ਼ ਨੂੰ ਅਤੇ ਭੂਤ, ਵਰਤਮਾਨ ਤੇ ਭਵਿੱਖ ਦਾ ਗਿਆਨਵਾਨ ਮੁਨੀ ਕਿਸੇ ਵੀ ਸਮੇਂ ਹੀਣ ਭਾਵਨਾ ਨਾ ਲਿਆਵੇ। ਕਠੋਰ ਵਾਕਾਂ ਅਤੇ ਸਜਾਵਾਂ ਨੂੰ ਵੀ ਸਹਿਨਸ਼ੀਲਤਾ ਨਾਲ ਸਹਿਣ ਕਰੇ। (5)

---

ਟਿੱਪਣੀ ਗਾਥਾ 4— ਸਾਧੂ ਦੀ ਸੰਜਮ ਸਾਧਨਾ ਦੇ ਪੰਜ ਚਾਰਿਤਰ ਆਖੇ ਗਏ ਹਨ 1. ਸਾਮਾਇਕ 2. ਛੇਦੋਪਸਥਾਪਨੀਆ 3. ਪਰਿਹਾਰ ਵਿਸ਼ੁਧੀ 4. ਅਤੇ ਯਥਾ ਅਖਿਆਤ।

ਸੰਪੂਰਨ ਪ੍ਰਗਿਆਵਾਨ (ਪ੍ਰਸ਼ਨਾਂ ਦਾ ਉੱਤਰ ਦੇਣ ਵਿੱਚ ਸਮਰੱਥ) ਮੁਨੀ ਸਦਾ ਕਸ਼ਾਏ ਨੂੰ ਜਿੱਤੇ। ਸਮਭਾਵ ਨਾਲ ਅਹਿੰਸਾ ਧਰਮ ਦਾ ਉਪਦੇਸ਼ ਕਰੇ। ਸੰਜਮ ਦੀ ਕਦੇ ਵੀ ਆਰਾਧਨਾ ਨਾ ਤਿਆਗੇ। ਅਪਮਾਨ ਮਿਲਣ ਤੇ ਗੁੱਸਾ ਨਾ ਕਰੇ ਅਤੇ ਸਨਮਾਨ ਮਿਲਣ ਤੇ ਅਭਿਮਾਨ ਨਾ ਕਰੇ। (6)

ਬਹੁਤ ਲੋਕਾਂ ਰਾਹੀਂ ਪ੍ਰਸ਼ੰਸਾ ਪ੍ਰਾਪਤ, ਸਮਾਧੀ ਧਰਮ ਭਰਪੂਰ, ਧੰਨ, ਸੰਪੱਤੀ ਆਦਿ ਬਾਹਰਲੇ ਅੰਦਰਲੇ ਪਰਿਗ੍ਰਹਿ ਦਾ ਤਿਆਗੀ ਮੁਨੀ ਝੀਲ ਦੇ ਪਾਣੀ ਦੀ ਤਰ੍ਹਾਂ ਕਸ਼ਯਪ (ਭਗਵਾਨ ਮਹਾਵੀਰ ਦਾ ਵਿਸ਼ੇਸ਼ਨ) ਦੇ ਧਰਮ ਨੂੰ ਫੈਲਾਵੇ। (7)

ਸੰਸਾਰ ਵਿੱਚ ਭਿੰਨ ਭਿੰਨ ਤਰ੍ਹਾਂ ਦੇ ਜੀਵ, ਭਿੰਨ ਅਵਸਥਾਵਾਂ ਵਾਲੇ ਹਨ। ਉਨ੍ਹਾਂ ਸਾਰੇ ਜੀਵਾਂ ਪ੍ਰਤਿ ਸਮਭਾਵ ਰੱਖਣ ਵਾਲਾ, ਸੰਜਮੀ ਅਤੇ ਵਿਵੇਕੀ ਮੁਨੀ ਹਿੰਸਾ ਨੂੰ ਕਦੇ ਵੀ ਗ੍ਰਹਿਣ ਨਾ ਕਰੇ। (8)

ਸ਼ਾਸਤਰਾਂ ਦਾ ਜਾਣਕਾਰ ਮੁਨੀ ਹਮੇਸ਼ਾ ਆਰੰਭ (ਪਾਪ) ਤੋਂ ਦੂਰ ਰਹਿਣ ਕਾਰਣ ਹੀ ਮੁਨੀ ਅਖਵਾਉਂਦਾ ਹੈ। ਇਸ ਤੋਂ ਉਲਟ ਪਰਿਗ੍ਰਹਿ (ਸੰਗ੍ਰਹਿ ਦੀ ਭਾਵਨਾ) ਪ੍ਰਤਿ ਮਮਤਾ ਰੱਖਣ ਵਾਲਾ, ਮੌਤ ਸਮੇਂ ਦੁੱਖੀ ਹੁੰਦਾ ਹੈ। ਪਰ ਇਹ ਪਰਿਗ੍ਰਹਿ ਉਸ ਨੂੰ ਦੋਬਾਰਾ ਪ੍ਰਾਪਤ ਨਹੀਂ ਹੁੰਦਾ। ਸਗੋਂ ਲੱਖ ਦੁੱਖੀ ਹੋਣ ਦੇ ਬਾਵਜੂਦ ਪਰਿਗ੍ਰਹਿ ਧਰਤੀ ਤੇ ਰਹਿ ਜਾਂਦਾ ਹੈ। ਉਸ ਦੇ ਨਾਲ ਨਹੀਂ ਜਾਂਦਾ। (9)

ਧੰਨ, ਅਨਾਜ ਅਤੇ ਸੱਜਣ ਆਦਿ ਰੂਪ (ਵਿਖਾਈ ਦੇਣ) ਵਾਲਾ ਪਰਿਗ੍ਰਹਿ, ਦੁੱਖ ਦੇਣ ਵਾਲਾ ਹੈ। ਇਹ ਪਰਿਗ੍ਰਹਿ ਇਸ ਲੋਕ ਤੇ ਪਰਲੋਕ ਵਿੱਚ ਦੁੱਖ ਦਾ ਕਾਰਣ ਹੈ। ਇਸ ਨੂੰ ਸਮਝੋ! ਇਹ ਨਾਸ਼ਵਾਨ (ਅਨਿੱਤ) ਵਸਤਾਂ ਹਨ।" ਅਜਿਹਾ ਸਮਝ ਕੇ ਕੌਣ ਸਮਝਦਾਰ ਘਰ ਤੇ ਗ੍ਰਹਿਸਥੀ ਦੇ ਝੰਜਟ ਨੂੰ ਪਸੰਦ ਕਰੇਗਾ। (10)

"ਮਮਤਾ ਰੂਪੀ ਚੀਕੜ ਨੂੰ ਲੰਘਣਾ ਸੰਸਾਰੀ ਜੀਵ ਲਈ ਬਹੁਤ ਕਠਿਨ ਹੈ।" ਅਜਿਹਾ ਜਾਣਕੇ ਮੁਨੀ, ਰਾਜਾ ਆਦਿ ਦੇ ਸਤਿਕਾਰ, ਬੰਦਨ ਪੂਜਾ ਦਾ ਅਹੰਕਾਰ ਨਾ ਕਰੇ। ਇਹ ਹੰਕਾਰ ਰੂਪੀ ਕਾਂਟੇ ਦਾ ਤਿਆਗ ਬਹੁਤ ਔਖਾ ਹੈ। ਵਿਦਵਾਨ ਮੁਨੀ ਲਈ ਇਹੋ ਠੀਕ ਹੈ ਕਿ ਫਾਲਤੂ ਸੰਸਾਰਿਕ ਜਾਣਕਾਰੀ ਦਾ ਤਿਆਗ ਕਰ ਦੇਵੇ। (11)

ਸਾਧੂ ਦਰਵ (ਸ਼ਰੀਰ) ਪੱਖੋਂ ਇਕੱਲਾ ਅਤੇ ਰਾਗ ਦਵੇਸ਼ ਰਹਿਤ ਹੋ ਕੇ ਗੁਜ਼ਰੇ। ਇਕੱਲਾ ਹੀ ਕਾਯੋਤਸਰਗ, (ਸ਼ਰੀਰ ਦੇ ਮੋਹ ਦਾ ਤਿਆਗ) ਕਰੇ ਇਕੱਲਾ ਹੀ ਆਸਨ ਫੱਟਾ ਗ੍ਰਹਿਣ ਕਰੇ ਅਤੇ ਧਰਮ ਧਿਆਨ ਕਰੇ। ਤਪੱਸਿਆ ਵਿੱਚ ਸ਼ਰੀਰ ਨੂੰ ਲਗਾਵੇ। ਬਚਨ ਤੇ ਮਨ ਰਾਹੀਂ ਸੰਜਮ ਦਾ ਪਾਲਨ ਕਰੇ। (12)

ਸਾਧੂ ਨੂੰ ਉਜਾੜ ਘਰ ਵਿੱਚ ਰਹਿਣ ਦਾ ਅਵਸਰ ਮਿਲੇ ਤਾਂ ਉਸ ਘਰ ਦਾ ਦਰਵਾਜ਼ਾ

ਨਾ ਖੋਲੇ ਨਾ ਬੰਦ ਕਰੇ । ਕੋਈ ਪ੍ਰਸ਼ਨ ਵੀ ਕਰੇ ਤਾਂ ਸਾਵਧਯ (ਪਾਪਕਾਰੀ) ਭਾਸ਼ਾ ਦਾ ਇਸਤੇਮਾਲ ਨਾ ਕਰੇ । (13)

ਘੁੰਮਦੇ ਘੁੰਮਦੇ ਜੇ ਸੂਰਜ ਛਿਪ ਜਾਵੇ ਤਾਂ ਉਸੇ ਜਗ੍ਹਾ ਤੇ ਟਿਕਾਣਾ ਕਰੇ । ਯੋਗ ਤੇ ਅਯੋਗ ਆਸਨ ਮਿਲਣ ਤੇ ਸਾਰੇ ਪਰਿਸ਼ੈ (ਅਚਾਨਕ ਆਉਣ ਵਾਲੇ ਕਸ਼ਟ) ਨੂੰ ਸਹਿਣ ਕਰੇ । ਕਿਸੇ ਵੀ ਸਥਿਤੀ ਵਿੱਚ ਨਾ ਘਬਰਾਏ । ਮੱਛਰ, ਸ਼ੇਰ ਜਾਂ ਸੱਪ ਆਦਿ ਜਾਨਵਰਾਂ ਦੇ ਕਸ਼ਟ ਆਉਣ ਤੇ ਵੀ ਆਪਣਾ ਆਸੱਨ ਨਾ ਛੱਡੇ । ਕਸ਼ਟਾਂ ਨੂੰ ਸਮਤਾ ਨਾਲ ਸਹਿਨ ਕਰੇ । (14)

ਉਜਾੜ ਘਰ ਵਿੱਚ ਮਹਾ ਮੁਨੀ ਪਸ਼ੂ ਤੇ ਦੇਵਤਿਆਂ ਰਾਹੀਂ ਦਿੱਤੇ ਕਸ਼ਟਾਂ ਨੂੰ ਸਹਿਣ ਕਰੇ । ਡਰ ਦਾ ਚਿੰਨ੍ਹਮਾਤਰ ਵੀ ਚੇਹਰੇ ਤੇ ਨਾ ਲਿਆਵੇ । (15)

ਅਜਿਹੇ ਕਸ਼ਟਾਂ ਵਿਚ ਸਾਧੂ ਜਿੰਦਗੀ ਦੀ ਪਰਵਾਹ ਨਾ ਕਰੇ । ਕਸ਼ਟ ਸਹਿਣ ਕਰਕੇ ਪ੍ਰਸ਼ੰਸਾ ਦੀ ਇੱਛਾ ਨਾ ਕਰੇ । ਇਸ ਤਰ੍ਹਾਂ ਸੁੰਨੇ ਘਰਾਂ ਵਿੱਚ ਰਹਿੰਦੇ, ਮੁਨੀ ਨੂੰ ਭਿਆਨਕ ਕਸ਼ਟ ਸਹਿਣਾ ਸੁਖਾਲਾ ਹੋ ਜਾਂਦਾ ਹੈ । (16)

"ਜਿਸ ਦੀ ਆਤਮਾ ਵਿੱਚ ਗਿਆਨ ਆਦਿ ਗੁਣਾਂ ਦਾ ਪ੍ਰਕਾਸ਼ ਹੈ । ਜੋ ਆਪਣੀ ਤੇ ਪਰਾਈ ਆਤਮਾ ਦਾ ਉਪਕਾਰ ਕਰਦਾ ਹੈ । ਜੋ ਇਸਤਰੀ, ਪਸ਼ੂ, ਨਪੁੰਸਕ (ਹੀਜੜਾ) ਰਹਿਤ ਮਕਾਨ ਵਿੱਚ ਠਹਿਰਦਾ ਹੈ ।" ਉਸ ਨੂੰ ਹੀ ਸਮਾਇਕ ਚਰਿੱਤਰ ਦਾ ਧਾਰਕ ਭਗਵਾਨ ਨੇ ਕਿਹਾ ਹੈ । ਅਜਿਹੇ ਚਰਿੱਤਰਵਾਨ ਮੁਨੀ ਨੂੰ ਕਸ਼ਟ ਆਉਣ ਤੇ ਡਰਨਾ ਚਾਹੀਦਾ । (17)

ਜੋ ਗਰਮ ਪਾਣੀ ਪੀਂਦਾ ਹੈ ਜਾਂ ਗਰਮ ਪਾਣੀ ਨੂੰ ਠੰਡਾ ਕੀਤੇ ਬਿਨਾ ਪੀਂਦਾ ਹੈ । ਉਹ ਸ਼ਰੁਤ ਚਾਰਿੱਤਰ ਰੂਪੀ ਧਰਮ ਵਿੱਚ ਰਹਿੰਦਾ ਹੈ । ਜੋ ਅਸੰਜਮ ਪ੍ਰਤਿ ਸ਼ਰਮ ਮਹਿਸੂਸ ਕਰਦਾ ਹੈ । ਅਜਿਹੇ ਮੁਨੀ ਨੂੰ ਰਾਜੇ ਆਦਿ ਨਾਲ ਮਿਲਨਾ ਠੀਕ ਨਹੀਂ । ਅਜਿਹੀ ਮੁਲਾਕਾਤ ਕਾਰਨ ਮੁਨੀ ਦੇ ਮਨ ਵਿੱਚ ਅਸਮਾਧੀ (ਆਤਮਿਕ ਦੁੱਖ) ਪੈਦਾ ਹੁੰਦਾ ਹੈ । (18)

ਜੋ ਕਲੇਸ਼ੀ ਹੈ ਜੋ ਕਠੋਰ ਭਾਸ਼ਾ ਦਾ ਪ੍ਰਯੋਗ ਕਰਦਾ ਹੈ ਉਸ ਦਾ ਸੰਜਮ ਜਾਂ ਮੋਕਸ਼ ਨਸ਼ਟ ਹੋ ਜਾਂਦਾ ਹੈ । ਇਸ ਕਾਰਣ ਪੰਡਿਤ (ਗਿਆਨੀ) ਕਦੇ ਵੀ ਕਰੋਧ ਨਾ ਕਰੇ । (19)

---

ਟਿੱਪਣੀ ਗਾਥਾ 17—ਜੈਨ ਗ੍ਰੰਥਾਂ ਵਿੱਚ ਨਪੁੰਸਕ ਦੇ ਦੋ ਭੇਦ ਹਨ ।

(1) ਜਨਮ ਨਪੁੰਸਕ (2) ਬਨਾਵਟੀ ਨਪੁੰਸਕ ।

ਜੋ ਮੁਨੀ ਸਚਿੱਤ (ਜੀਵ ਸਹਿਤ) ਪਾਣੀ ਪੀਣ ਤੋਂ ਘ੍ਰਿਣਾ ਕਰਦਾ ਹੈ ਜੋ ਪਰਲੋਕ ਸੰਬੰਧੀ ਸੁੱਖਾਂ ਦੀ ਇੱਛਾ ਨਹੀਂ ਕਰਦਾ । ਜੋ ਕਰਮ ਬੰਧਨ ਵਾਲੀ ਕ੍ਰਿਆ ਤੋਂ ਦੂਰ ਰਹਿੰਦਾ ਹੈ ਅਤੇ ਜੋ ਗ੍ਰਹਿਸਥ ਦੇ ਵਰਤਨ ਵਿਚ ਭੋਜਨ ਨਹੀਂ ਕਰਦਾ । ਤੀਰਥੰਕਰ ਭਗਵਾਨ ਨੇ ਉਸੇ ਨੂੰ ਸਮਭਾਵੀ (ਚਾਰਿੱਤਰਵਾਨ) ਕਿਹਾ ਹੈ । (20)

"ਜਿੰਦਗੀ ਦੀ ਡੋਰ ਟੁੱਟਣ ਤੇ ਫੇਰ ਨਹੀਂ ਜੁੜਦੀ।" ਅਜਿਹਾ ਗਿਆਨੀ ਪੁਰਸ਼ਾਂ ਦਾ ਕਥਨ ਹੈ ਅਗਿਆਨੀ ਬੇਸ਼ਰਮੀ ਨਾਲ ਪਾਪ ਕਰਦਾ ਹੈ । ਅਜਿਹਾ ਜੀਵ ਹੀ ਪਾਪੀ ਅਖਵਾਉਂਦਾ ਹੈ । ਮੁਨੀ ਨੂੰ ਕਿਸੇ ਤਰ੍ਹਾਂ ਦਾ ਮੱਦ (ਅਹੰਕਾਰ) ਨਹੀਂ ਕਰਨਾ ਚਾਹੀਦਾ (ਭਾਵ ਮੈਂ ਧਰਮੀ ਹਾਂ ਦੂਸਰੇ ਅਧਰਮੀ ਹਨ) ਇਸ ਪ੍ਰਕਾਰ ਦਾ ਹੰਕਾਰ ਬੇਕਾਰ ਹੈ ।" (21)

ਧੋਖੇਵਾਜ ਤੇ ਮੋਹ ਵਿੱਚ ਘਿਰੇ ਲੋਕ ਆਪਣੀ ਮਨਮਤਜੀਆਂ ਦੇ ਸਿੱਟੇ ਵਜੋਂ ਹੀ ਨਰਕ ਵਿੱਚ ਘੁੰਮਦੇ ਹਨ । ਸਾਧੂ ਪੁਰਸ਼ ਅਜਿਹਾ ਜਾਣ ਕੇ ਮਾਇਆ ਰਹਿਤ ਹੋ ਕੇ ਘੁੰਮੇ ਮਨ ਬਚਨ ਤੇ ਸ਼ਰੀਰ ਰਾਹੀਂ ਗ਼ਰਮੀ ਸਰਦੀ ਦੇ ਕਸ਼ਟਾਂ ਨੂੰ ਸਹੇ । (22)

ਜਿਵੇਂ ਹੁਸ਼ਿਆਰ ਜੁਆਰੀ ਇੱਕ, ਦੋ ਜਾਂ ਤੀਸਰੇ ਦਾਵ ਨੂੰ ਛੱਡ ਕੇ ਚੌਥੇ ਦਾਵ ਤੇ ਠਹਿਰਦਾ ਹੈ । ਉਸੇ ਪ੍ਰਕਾਰ ਗਿਆਨੀ, ਉੱਤਮ ਤੇ ਕਲਿਆਣ ਕਾਰੀ ਧਰਮ ਨੂੰ ਗ੍ਰਹਿਣ ਕਰਦਾ ਹੈ । (23)

ਜਿਵੇਂ ਜੁਆਰੀ ਇੱਕ ਦੋ ਥਾਵਾਂ ਨੂੰ ਛੱਡ ਕੇ ਚਾਰ ਤੇ ਦਾਓ ਮਾਰਦਾ ਹੈ । ਉਸੇ ਤਰ੍ਹਾਂ ਸੰਸਾਰ ਦੇ ਪ੍ਰਤਿ ਗੰਭੀਰ ਸਰਵਗ ਭਗਵਾਨ ਰਾਹੀਂ ਦੱਸੇ ਧਰਮ ਤੇ ਦਾਓ ਮਾਰਨਾ ਚਾਹੀਦਾ ਹੈ । ਇਹੋ ਧਰਮ ਹਿੱਤਕਾਰੀ ਤੇ ਉੱਤਮ ਹੈ । (25)

"ਮੈਂ ਕਸ਼ਯਪ (ਭਗਵਾਨ ਮਹਾਵੀਰ) ਤੋਂ ਸੁਣਿਆ ਹੈ ਕਿ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਨੂੰ ਜਿੱਤਣਾ ਬਹੁਤ ਹੀ ਕਠਿਨ ਹੈ । ਜੋ ਮਹਾਪੁਰਸ਼ ਇੰਦਰੀਆਂ ਦੇ ਵਿਕਾਰਾਂ ਨੂੰ ਜਿੱਤਣ ਵਿੱਚ ਲੱਗੇ ਹਨ ਉਹ ਹੀ ਕਸ਼ਯਪ ਭਗਵਾਨ (ਰਿਸ਼ਭਦੇਵ ਤੋਂ ਲੈ ਕੇ ਭਗਵਾਨ ਮਹਾਵੀਰ ਤੱਕ) ਦੀ ਪ੍ਰੰਪਰਾ ਦੇ ਅਨੁਯਾਈ ਹਨ ।" (25)

"ਜੋ ਮਹਾਰਿਸ਼ੀ ਗਿਆਤਾ ਪੁੱਤਰ (ਮਹਾਵੀਰ) ਦੇ ਰਾਹੀਂ ਪ੍ਰਗਟ ਕੀਤੇ ਧਰਮ ਦਾ ਆਚਰਣ ਕਰਦੇ ਹਨ ਉਹੀ ਪੁਰਸ਼ ਧਰਮੀ ਹਨ । ਉਹ ਪੁਰਸ਼ ਹੀ ਕੁਰਾਹੇ ਨੂੰ ਛੱਡਕੇ ਠੀਕ ਰਾਹਾਂ ਤੇ ਚਲਦੇ ਹਨ । ਧਰਮ ਤੋਂ ਗਿਰ ਜਾਣ ਤੇਵੀ, ਇੱਕ ਦੂਸਰੇ ਦਾ ਸਹਾਰਾ ਬਣਦੇ ਹਨ ।" (27)

ਗ੍ਰਹਿਸਥ ਅਵਸਥਾ ਵਿੱਚ ਭੋਗੇ ਕਾਮ, ਭੋਗਾਂ ਨੂੰ ਯਾਦ ਨਾ ਕਰੋ । ਅਠ ਕਰਮਾਂ ਦੇ ਚੱਕਰ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰੋ । (ਤਾਕਿ ਮੁਕਤੀ ਸਿੱਧ ਅਵਸਥਾ ਮਿਲ ਸਕੇ) ਜੋ

ਮਨ ਨੂੰ ਵਿਗਾੜਨ ਵਾਲੀ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਦੇ ਵੱਸ ਨਹੀਂ ਪੈਂਦੇ, ਉਨ੍ਹਾਂ ਨੂੰ ਆਤਮਿਕ ਸਮਾਧੀ (ਸੁੱਖ) ਪ੍ਰਾਪਤ ਹੁੰਦਾ ਹੈ। (21)

ਭੋਜਨ ਨੂੰ ਗਿਆ ਮੁਨੀ ਸੰਸਾਰਿਕ ਕਿੱਸੇ ਕਹਾਣਿਆਂ ਨਾ ਸੁਣਾਉਂਦਾ ਜਾਵੇ, ਕੋਈ ਪ੍ਰਸ਼ਨ ਵੀ ਕਰੇ, ਤਾਂ ਕਿਸੇ ਵੀ ਤਰ੍ਹਾਂ ਦਾ ਜੋਤਸ਼ ਨਾ ਦਸੇ। ਮੀਂਹ ਜਾਂ ਧਨ ਕਮਾਉਣ ਦੇ ਢੰਗ ਨਾ ਦੱਸੇ। ਸੰਜਮ ਦਾ ਆਚਰਣ ਕਰੇ। ਕਿਸੇ ਵਸਤੂ ਪ੍ਰਤਿ ਮਮਤਾ ਨਾ ਰੱਖੇ। (28)

ਸਾਧੂ ਨੂੰ ਮਾਇਆ, ਲੋਭ, ਮਾਨ, ਅਤੇ ਕਰੋਧ ਨਹੀਂ ਕਰਨਾ ਚਾਹੀਦਾ। ਜਿਨ੍ਹਾਂ ਮਹਾਂਪੁਰਸ਼ਾਂ ਨੇ ਕਰਮਾਂ ਦੇ ਨਾਸ਼ ਕਰਨ ਵਾਲੇ ਸੰਜਮ ਦਾ ਸੇਵਨ ਕੀਤਾ ਹੈ। ਉਹ ਹੀ ਵਿਵੇਕੀ ਤੇ ਧਰਮੀ ਹਨ। (29)

ਮੁਨੀ ਕਿਸੇ ਵੀ ਪਦਾਰਥ ਪ੍ਰਤਿ ਰਾਗ ਨਾ ਕਰੇ। ਗਿਆਨ ਆਦਿ ਨਾਲ ਯੁਕਤ ਹੋਕੇ, ਆਤਮ-ਹਿਤ ਵਲ ਅੱਗੇ ਵਧੇ। ਮਨ ਤੇ ਇੰਦਰੀਆਂ ਦਾ ਸੰਬਰ (ਕਰਮ ਬੰਧ ਰੋਕਣ ਦੀ ਪ੍ਰਕ੍ਰਿਆ) ਕਰੇ। ਧਰਮ ਦੀ ਹੀ ਕਾਮਨਾ ਕਰੇ। ਤਪੱਸਿਆ ਰਾਹੀਂ ਪਰਾਕਰਮੀ ਬਣੇ। ਇੰਦਰੀਆਂ ਨੂੰ ਵੱਸ ਵਿਚ ਕਰੇ, ਅਤੇ ਇਸੇ ਪ੍ਰਕਾਰ ਸੰਜਮ ਦਾ ਪਾਲਣ ਕਰੇ। ਕਿਉਂਕਿ ਸੰਸਾਰ ਵਿਚ ਘੁੰਮਦੇ ਜੀਵਾਂ ਨੂੰ ਆਤਮ ਕਲਿਆਣ ਦੁਰਲੱਭ ਹੈ। (30)

ਸਾਰੇ ਸੰਸਾਰ ਨੂੰ ਜਾਨਣ ਵਾਲੇ ਗਿਆਤਾ ਨੰਦਨ (ਭਗਵਾਨ ਮਹਾਵੀਰ) ਨੇ ਸਮਾਇਕ ਆਦਿ ਜੋ ਕਥਨ ਕੀਤਾ ਹੈ। ਉਸ ਨੂੰ ਨਿਸ਼ਚੇ ਹੀ ਜੀਵਾਂ ਨੇ ਪਹਿਲਾਂ ਨਹੀਂ ਸੁਣਿਆ। ਜੇ ਕਿਸੇ ਨੇ ਸੁਣਿਆ ਵੀ ਹੈ ਤਾਂ ਗ੍ਰਹਿਣ ਨਹੀਂ ਕੀਤਾ। (ਨਹੀਂ ਤਾਂ ਆਤਮ ਕਲਿਆਣ ਵਿਚ ਕੋਈ ਰੁਕਾਵਟ ਨਹੀਂ ਸੀ ਪੈਣੀ।) (31)

ਆਤਮ-ਹਿਤ ਦੀ ਪ੍ਰਾਪਤੀ ਹੀ ਮੁਸਕਿਲ ਹੈ। ਅਜਿਹਾ ਮੰਨ ਕੇ ਵੀਤਰਾਗੀ ਪੁਰਸ਼ਾਂ ਰਾਹੀਂ ਦਸਿਆ ਧਰਮ ਹੀ ਸ੍ਰੇਸ਼ਟ ਮੰਨੇ, ਅਜਿਹੇ ਜਾਣ ਕੇ ਸਮਿਅਕ ਗਿਆਨੀ, ਗੁਰੂ ਆਗਿਆ ਮੰਨਣ ਵਾਲੇ ਪਾਪਾਂ ਨੂੰ ਛੱਡ ਕੇ ਬਹੁਤ ਸਾਰੇ ਸੰਸਾਰ ਦੇ ਜਨਮ-ਮਰਨ ਨੂੰ ਤਿਆਗ ਕੇ ਮੁਕਤੀ ਪ੍ਰਾਪਤ ਕਰ ਗਏ ਹਨ। ਇਸ ਤਰ੍ਹਾਂ ਮੈਂ ਆਖਦਾ ਹਾਂ।

# ਤੀਸਰਾ ਉਦੇਸ਼ਕ

ਮਿਥਿਆਤਵ ਅਵਿਰਤੀ ਆਦਿ ਕਰਮ ਆਸ਼ਰਵ ਦੇ ਕਾਰਣ ਨੂੰ ਰੋਕਣ ਵਾਲਾ ਭਿਖਸ਼ੂ ਸੰਜਮ ਰਾਹੀਂ, ਆਤਮਾ ਨੂੰ ਪ੍ਰਭਾਵਿਤ ਕਰਨ ਵਾਲੇ ਕਰਮਾਂ ਦਾ ਖਾਤਮਾ ਕਰਦਾ ਹੈ। ਇਸ ਤਰ੍ਹਾਂ ਨਵੇਂ ਕਰਮਾਂ ਦੇ ਬਹਾਓ ਨੂੰ ਰੋਕ ਕੇ ਕਰਮ-ਬੰਧ ਨੂੰ ਖਤਮ ਕਰ ਕੇ, ਮੌਤ ਨੂੰ ਪਾਰ ਕਰਕੇ, ਉਹ ਮੁਕਤੀ ਪ੍ਰਾਪਤ ਕਰਦਾ ਹੈ। (1)

ਮਹਾਂ ਪੁਰਸ਼ ਇਸਤਰੀਆਂ ਦਾ ਸੇਵਨ ਨਹੀਂ ਕਰਦੇ, ਸੰਸਾਰਿਕ ਕਾਮ-ਭੋਗਾਂ ਨੂੰ ਰੋਗ ਦੀ ਤਰ੍ਹਾਂ ਵੇਖਦੇ ਹਨ। ਉਹ ਸੰਸਾਰ ਸਾਗਰ ਤੋਂ ਪਾਰ ਹੋ ਚੁੱਕੇ ਪੁਰਸ਼ਾਂ ਦੀ ਤਰ੍ਹਾਂ ਹਨ। ਇਹ ਗੱਲ ਨਿਸ਼ਚੇ ਸਮਝੋ ਕਿ ਕਾਮ-ਭੋਗਾਂ ਦੇ ਤਿਆਗ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। (2)

ਜਿਵੇਂ ਵਪਾਰੀ ਰਾਹੀਂ ਵੇਚੇ ਰਤਨ ਰਾਜਾ ਆਦਿ ਦੀ ਵਰਤੋਂ ਯੋਗ ਹੁੰਦੇ ਹਨ। ਉਸੇ ਤਰ੍ਹਾਂ ਅਚਾਰਿਆ [ਧਰਮ ਪ੍ਰਮੁਖ] ਰਾਹੀਂ ਕਿਹਾ ਧਰਮ, ਰਾਤਰੀ ਭੋਜਨ ਦਾ ਤਿਆਗ ਤੇ ਪੰਚ ਮਹਾਂਵਰਤ [ਅਹਿੰਸਾ ਤੋਂ ਬ੍ਰਹਮਚਰਜ ਤੱਕ] ਪੁੰਨਵਾਨ ਜੀਵ ਹੀ ਧਾਰਨ ਕਰਦੇ ਹਨ। (3)

ਸੰਸਾਰ ਵਿੱਚ ਜਿੰਨੇ ਵੀ ਮਨੁੱਖ ਸੁੱਖਾਂ ਤੇ ਕਾਮ-ਭੋਗਾਂ ਵਿਚ ਰੁੱਝੇ ਹੋਏ ਹਨ। ਉਹ ਇੰਦਰੀਆਂ ਦੇ ਗੁਲਾਮ ਮਨੁੱਖ, ਵਿਸ਼ਿਆਂ ਦਾ ਮੱਕਾਰੀ ਨਾਲ ਸੇਵਨ ਕਰਦੇ ਹਨ। ਉਹ ਤੀਰਥੰਕਰਾਂ ਰਾਹੀਂ ਆਖੇ ਸਮਾਧੀ (ਸੁੱਖ) ਧਰਮ ਨੂੰ ਨਹੀਂ ਸਮਝਦੇ। (4)

ਜਿਵੇਂ ਕਮਜ਼ੋਰ ਬਲਦ, ਹੱਕਣ ਵਾਲੇ ਦੇ ਬਾਰ ਬਾਰ ਡੰਡੇ ਮਾਰਨ ਤੇ ਵੀ ਰਾਹ ਪਾਰ ਨਹੀਂ ਕਰ ਸਕਦਾ, ਉਸੇ ਪ੍ਰਕਾਰ ਆਲਸੀ ਤੇ ਦੁਰਬਲ ਜੀਵ ਦੁੱਖ ਪਾਉਂਦਾ ਹੈ ਕਿਉਂਕਿ ਉਹ ਕਾਮ-ਭੋਗਾਂ ਦਾ ਵਜ਼ਨ ਝਲ ਨਹੀਂ ਸਕਦਾ। (5)

ਇਸੇ ਪ੍ਰਕਾਰ ਕਾਮੀ ਸੋਚਦਾ ਰਹਿੰਦਾ ਹੈ ਕਿ "ਮੈਂ ਅਜ ਜਾਂ ਕਲ ਇਹ ਭੋਗ ਛਡ ਦੇਵਾਂਗਾ" ਪਰ ਇੰਦਰੀਆਂ ਦੀ ਗੁਲਾਮੀ ਕਾਰਣ ਉਹ ਇਹ ਛਡ ਨਹੀਂ ਸਕਦਾ। ਇਸ ਲਈ ਕਾਮ-ਭੋਗਾਂ ਦੀ ਇਛਾ ਮੁਕਤੀ-ਮਾਰਗ ਦੇ ਇਛੁਕ ਨੂੰ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਪ੍ਰਾਪਤ ਕਾਮ-ਭੋਗਾਂ ਨੂੰ ਘਟ ਸਮਝਣਾ ਚਾਹੀਦਾ ਹੈ। (6)

"ਮੌਤ ਪਿਛੋਂ ਦੁਰਗਤੀ ਨਾ ਹੋਵੇ", ਅਜਿਹਾ ਸਮਝ ਕੇ ਆਪਣੇ ਆਪ ਨੂੰ ਵਿਸ਼ੇ ਵਿਕਾਰਾਂ ਤੋਂ ਦੂਰ ਕਰੇ। ਆਪਣੀ ਆਤਮਾ ਨੂੰ ਸਿਖਿਅਤ ਕਰੇ। "ਹੇ ਆਤਮਾ!

ਗਲਤ ਕਰਮ ਕਰਨ ਵਾਲੇ ਨੂੰ ਦੁਰਗਤ ਵਿਚ ਕਸ਼ਟ ਭੋਗਣਾ ਹੀ ਪੈਂਦਾ ਹੈ। ਇਸ ਲਈ ਸਾਨੂੰ ਪਹਿਲਾਂ ਹੀ, ਕਾਮ-ਭੋਗਾਂ ਨੂੰ ਦੁਰਗਤੀ ਦਾ ਕਾਰਣ ਸਮਝ ਕੇ ਤਿਆਗ ਦੇਣਾ ਚਾਹੀਦਾ ਹੈ।" (7)

" ਜ਼ਿੰਦਗੀ ਹਰ ਪਲ ਨਸ਼ਟ ਹੋ ਰਹੀ ਹੈ। ਸੈਂਕੜੇ ਸਾਲਾਂ ਦੀ ਉਮਰ ਵਾਲੇ ਮਨੁੱਖ ਚਿੰਤਾ ਕਾਰਣ ਜਵਾਨੀ ਵਿਚ ਹੀ ਮੌਤ ਦੇ ਵੱਸ ਪੈ ਜਾਂਦੇ ਹਨ।" ਇਸ ਜ਼ਿੰਦਗੀ ਨੂੰ ਥੋੜਾ ਸਮਝਦੇ ਹੋਏ, ਸਮਝਦਾਰ ਪੁਰਸ਼ ਕਾਮ-ਭੋਗ ਪ੍ਰਤਿ ਲਗਾਵ ਨਹੀਂ ਰੱਖਦੇ। (8)

ਇਸ ਸੰਸਾਰ ਵਿੱਚ ਆਰੰਭ (ਹਿੰਸਾ ਆਦਿ ਪਾਪ) ਵਿੱਚ ਲਗੇ ਪ੍ਰਾਣੀ ਆਪਣੀ ਆਤਮਾ ਨੂੰ ਸਜ਼ਾ ਦੇਣ ਵਾਲੇ ਅਤੇ ਦੂਸਰੇ ਦੇ ਪ੍ਰਾਣਾਂ ਦੇ ਹਤਿਆਰੇ ਲੰਬੇ ਸਮੇਂ ਤਕ ਨਰਕਾਂ ਵਿੱਚ ਘੁੰਮਦੇ ਹਨ। ਜੇ ਬਾਲ ਤੱਪ (ਅਗਿਆਨਤਾ ਪੂਰਵਕ ਕੀਤਾ ਹੱਠ ਯੋਗ ਆਦਿ ਤੱਪ) ਫਲ ਸਦਕਾ ਦੇਵਗਤੀ ਮਿਲ ਜਾਵੇ, ਤਾਂ ਵੀ ਉਹ ਨੀਚ ਗਤੀ ਦੇ ਅਸੁਰ ਦੇਵਤਾ ਹੀ ਬਣਦੇ ਹਨ। (9)

"ਜੇ ਜ਼ਿੰਦਗੀ ਦਾ ਧਾਗਾ ਟੁੱਟ ਜਾਵੇ, ਫੇਰ ਕੋਈ ਜੋੜ ਨਹੀਂ ਸਕਦਾ", ਫੇਰ ਵੀ ਅਗਿਆਨੀ ਮੂਰਖਤਾ ਨਾਲ ਆਖਦੇ ਹਨ, "ਸਾਨੂੰ ਵਰਤਮਾਨ ਦੇ ਸੁੱਖਾਂ ਨਾਲ ਮਤਲਬ ਹੈ ਕੌਣ ਪਰਲੋਕ ਦੇ ਸੁੱਖਾਂ ਨੂੰ ਵੇਖਕੇ ਆਇਆ ਹੈ ?" (ਫਿਰ ਪ੍ਰਾਪਤ ਸੁੱਖਾਂ ਨੂੰ ਕਿਉਂ ਛੱਡਿਆ ਜਾਵੇ।)" (10)

ਹੇ ਗਿਆਨ ਦਰਿਸ਼ਟੀ ਹੀਨ ਅੰਨ੍ਹੇ ! ਤੂੰ ਸਰਵੱਗ ਦੁਆਰਾ ਦੱਸੇ ਸ਼ਾਸਤਰਾਂ ਦੇ ਉਪਦੇਸ਼ ਤੇ ਚਲ। ਇਹ ਸਮਝ ਕਿ ਆਪਣੇ ਰਾਹੀਂ ਕੀਤੇ ਮੋਹਨੀਆਂ ਕਰਮ ਕਾਰਣ ਹੀ ਸੱਚਾ ਗਿਆਨ ਪ੍ਰਾਪਤ ਨਹੀਂ ਹੋ ਰਿਹਾ। ਇਸ ਮੋਹਨੀਆਂ ਕਰਮ ਸਦਕਾ ਸੱਚੀ ਸ਼ਰਧਾ ਪ੍ਰਾਪਤ ਨਹੀਂ ਹੋ ਰਹੀ ਹੈ। (11)

ਦੁਖੀ ਜੀਵ ਵਾਰ ਵਾਰ ਮੋਹ ਨੂੰ ਪ੍ਰਾਪਤ ਹੁੰਦਾ ਹੈ, ਇਸ ਲਈ ਸਾਧੂ ਪੁਰਸ਼ ਨੂੰ ਚਾਹੀਦਾ ਹੈ ਕਿ ਸਤੁਤੀ ਤੇ ਪੂਜਾ ਦੀ ਇੱਛਾ ਨਾ ਕਰੇ। ਗਿਆਨੀ ਸਭ ਨੂੰ ਸਮਾਨ ਸਮਝਦੇ ਹਨ। (12)

ਜਦ ਗ੍ਰਹਿਸਥ ਸਿਲਸਿਲੇਵਾਰ ਧਰਮ ਨੂੰ ਧਾਰਨ ਕਰਕੇ, ਹਿੰਸਾ ਪ੍ਰਤਿ ਸਾਵਧਾਨੀ ਰੱਖਦਾ ਹੋਇਆ, ਸਾਰੇ ਜੀਵਾਂ ਪ੍ਰਤਿ ਸਮਭਾਵ ਵਰਤਦਾ ਹੋਇਆ, ਸਵਰਗ ਨੂੰ ਚਲਾ ਜਾਂਦਾ ਹੈ, ਤਾਂ ਫੇਰ ਪੰਜ ਮਹਾਂਵਰਤ ਦੇ ਧਾਰਕ ਮੁਨੀ ਦੀ ਸਾਧਨਾ ਤਾਂ ਬਹੁਤ ਹੀ ਮਹਾਨ ਹੈ। (ਉਹਨਾਂ ਲਈ ਤਾਂ ਮੋਕਸ਼ ਦਾ ਦਰ ਬਹੁਤ ਆਸਾਨ ਹੈ।) (13)

ਭਿਖਸ਼ੂ ਨੂੰ ਵੀਤਰਾਗ ਦੇ ਧਰਮ ਉਪਦੇਸ਼ ਨੂੰ ਸੁਣਕੇ ਸੰਜਮ ਪ੍ਰਤਿ ਉੱਦਮ ਕਰਨਾ ਚਾਹੀਦਾ ਹੈ। ਸਭ ਜੀਵਾਂ ਪ੍ਰਤਿ ਸਵਾਰਥ ਰਹਿਤ ਹੋ ਕੇ, ਸ਼ੁਧ ਭੋਜਨ ਪ੍ਰਾਪਤ ਕਰਕੇ, ਜੀਵਨ ਗੁਜ਼ਾਰਨਾ ਚਾਹੀਦਾ ਹੈ। (14)

ਸਾਧੂ ਗਲਤ ਤੇ ਠੀਕ ਪਦਾਰਥਾਂ ਨੂੰ ਜਾਣ ਕੇ ਸੰਬਰ (ਕਰਮ ਬਹਾ ਰੋਕਣ ਦੀ) ਕ੍ਰਿਆ ਕਰੇ। ਮਨ, ਵਚਨ ਤੇ ਕਾਇਆ (ਸ਼ਰੀਰ) ਦੇ ਵਿਕਾਰਾਂ ਪ੍ਰਤਿ ਸਾਵਧਾਨ ਰਹੇ। ਗਿਆਨ ਪੂਰਵਕ ਆਪਣੇ ਤੇ ਪਰਾਏ ਦੀ ਪਹਿਚਾਣ ਕਰਦਾ ਹੋਇਆ, ਮੋਕਸ਼ ਵਲ ਅਗੇ ਵਧੇ। (15)

ਅਗਿਆਨੀ ਧੰਨ ਆਦਿ ਅਜੀਵ, ਵਸਤੂਆਂ, ਪਸ਼ੂ ਤੇ ਰਿਸ਼ਤੇਦਾਰਾਂ ਨੂੰ ਹੀ ਆਸਰਾ (ਸ਼ਰਨ) ਮੰਨਦਾ ਹੈ। "ਉਹ ਸਮਝਦਾ ਹੈ ਕਿ ਇਹ ਸਭ ਮੇਰੇ ਹਨ", ਮੈਂ ਇਨ੍ਹਾਂ ਦੀ ਰੱਖਿਆ ਕਰਾਂਗਾ, ਪਰ ਇਹ ਉਸਦੀ ਰੱਖਿਆ ਨਹੀਂ ਕਰ ਸਕਦੇ। (16)

ਆਸਾਤਾਵੇਦਨੀਆਂ ਕਰਮ (ਦੁੱਖ ਭੋਗਣ ਦਾ ਕਾਰਣ ਕਰਮ) ਦੇ ਪ੍ਰਗਟ ਹੋਣ ਤੇ ਦੁੱਖ ਨੂੰ ਜੀਵ ਇਕੱਲਾ ਹੀ ਭੋਗਦਾ ਹੈ। ਜ਼ਿਆਦਾ ਚਿੰਤਾ ਕਾਰਣ ਜਾਂ ਉਮਰ ਦੇ ਖਾਤਮੇ ਕਾਰਣ ਜਦ ਮੌਤ ਆਉਂਦੀ ਹੈ ਤਾਂ ਆਦਮੀ ਇਕੱਲਾ ਹੀ ਸੰਸਾਰ ਛੱਡ ਜਾਂਦਾ ਹੈ ਜਿਵੇਂ ਉਹ ਇਕੱਲਾ ਸੰਸਾਰ ਵਿੱਚ ਆਇਆ ਸੀ। (17)

ਸੰਸਾਰ ਵਿੱਚ ਸਭ ਪ੍ਰਾਣੀ ਆਪਣੇ ਪਿਛਲੇ ਕੀਤੇ ਕਰਮਾਂ ਸਦਕਾ ਭਿੰਨ ਭਿੰਨ ਜੂਨੀਆਂ ਵਿੱਚ ਰਹਿ ਰਹੇ ਹਨ। ਪ੍ਰਗਟ ਤੇ ਅਪ੍ਰਗਟ ਦੁੱਖ ਭੋਗ ਰਹੇ ਹਨ, ਉਹ ਠੱਗ ਜੀਵ ਜਨਮ, ਬੁਢਾਪਾ, ਮੌਤ ਦਾ ਦੁੱਖ ਭੋਗਦੇ ਹੋਏ ਸੰਸਾਰ ਵਿੱਚ ਚੱਕਰ ਕੱਟ ਰਹੇ ਹਨ। (18)

ਬੁੱਧੀਮਾਨ ਪੁਰਸ਼ ਇਸ ਮੌਕੇ ਨੂੰ ਸਮਝੇ ਤੇ ਸੋਚੇ, "ਵੀਤਰਾਗ ਦਾ ਧਰਮ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੈ ਇਹ ਸਹਿਜ ਕੰਮ ਨਹੀਂ। ਜੋ ਮੌਕਾ ਇੱਕ ਵਾਰ ਹੱਥੋਂ ਨਿਕਲ ਗਿਆ ਉਹ ਮੁੜ ਕੇ ਵਾਪਿਸ ਨਹੀਂ ਆਉਂਦਾ।" ਇਸੇ ਪ੍ਰਕਾਰ ਪਹਿਲੇ ਤੀਰਥੰਕਰ ਰਿਸ਼ਭ ਦੇਵ ਨੇ ਆਪਣੇ ਪੁੱਤਰਾਂ ਨੂੰ ਫੁਰਮਾਇਆ ਹੈ। (19)

ਬਾਕੀ ਤੀਰਥੰਕਰਾਂ ਦਾ ਵੀ ਇਹੋ ਉਪਦੇਸ਼ ਹੈ। ਸਾਰੇ ਤੀਰਥੰਕਰਾਂ ਦਾ ਇਹੋ ਉਪਦੇਸ਼ ਭੂਤਕਾਲ, ਵਰਤਮਾਨ ਕਾਲ ਤੇ ਭਵਿੱਖ ਕਾਲ ਲਈ ਹੈ। ਇਸ ਉਪਦੇਸ਼ ਵਿਚ ਕੋਈ ਮੱਤ ਭੇਦ ਨਹੀਂ। ਇਹ ਸੁਵਰਤੀ ਪੁਰਸ਼ਾਂ ਨੇ ਮੁਕਤੀ ਦਾ ਰਾਹ ਦੱਸਿਆ ਹੈ। ਇਹ ਰਾਹ ਰਿਸ਼ਭ ਦੇਵ ਤੋਂ ਮਹਾਵੀਰ ਨੇ ਦਸਿਆ ਹੈ। (20)

ਮਨ, ਵਚਨ ਤੇ ਸ਼ਰੀਰ ਰਾਹੀਂ ਕਿਸੇ ਵੀ ਜੀਵ ਦੀ ਹਿੰਸਾ ਨਹੀਂ ਕਰਨੀ ਚਾਹੀਦੀ। ਹਮੇਸ਼ਾ ਆਤਮ-ਕਲਿਆਣ ਵਿੱਚ ਲੀਣ ਰਹਿਕੇ ਤੇ ਨਿਦਾਨ-ਰਹਿਤ ਹੋ ਕੇ ਧਰਮ ਦਾ ਪਾਲਣ ਕਰਨਾ ਚਾਹੀਦਾ ਹੈ। ਇਸ ਧਰਮ ਦਾ ਆਚਰਣ ਕਰਨ ਨਾਲ ਅਨੰਤ ਜੀਵ ਸਿੱਧ ਹੋਏ ਹਨ, ਵਰਤਮਾਨ ਵਿੱਚ ਹੋ ਰਹੇ ਹਨ ਤੇ ਭਵਿੱਖ ਵਿੱਚ ਹੋਣਗੇ। (21)

ਸਰਵ ਉੱਤਕ੍ਰਿਸ਼ਟ ਗਿਆਨਵਾਨ ਦਰਸ਼ਨ ਦੇ ਧਾਰਕ ਇੰਦਰਾਂ ਆਦਿ ਦੇਵਤਿਆਂ ਰਾਹੀਂ ਪੂਜਾ ਨੂੰ ਪ੍ਰਾਪਤ ਅਰਹਤ-ਗਿਆਤਾ ਪੁੱਤਰ ਭਗਵਾਨ ਮਹਾਵੀਰ ਨੇ ਇਹੋ ਧਰਮ-ਉਪਦੇਸ਼ ਦਿੱਤਾ ਹੈ। ਇਸ ਪ੍ਰਕਾਰ ਮੈਂ ਆਖਦਾ ਹਾਂ। (22)

---

ਟਿੱਪਣੀ ਗਾਥਾ 21—ਨਿਦਾਨ ਤੋਂ ਭਾਵ ਮੌਤ ਸਮੇਂ ਦੇਵ-ਗਤੀ ਦੀ ਇਛੱਾ ਜਾਂ ਤਪ ਦਾ ਫਲ ਚਾਹੁਣਾ ਹੈ। ਜਿਸ ਦੇ ਸਿੱਟੇ ਵਜੋਂ ਕਰਮਾਂ ਦਾ ਵਹਾਓ ਅਜਿਹਾ ਜੋੜ ਖਾ ਜਾਂਦਾ ਹੈ ਕਿ ਮਨੁੱਖ ਆਪਣੀ ਮਰਨ ਸਮੇਂ ਸੋਚ ਅਨੁਸਾਰ ਅਗਲਾ ਜਨਮ ਲੈਣ ਵਿਚ ਸਫਲ ਹੋ ਸਕਦਾ ਹੈ।



# ਤੀਸਰਾ ਅਧਿਐਨ ਉਪਸਰਗ ਪਰਿਗਿਆ

ਸਾਧੂ ਧਰਮ ਪਾਲਨ ਕਰਦੇ ਸਮੇਂ ਜੋ ਠੀਕ ਜਾਂ ਗਲਤ ਰੁਕਾਵਟਾਂ ਆਉਂਦੀਆਂ ਹਨ। ਇਸ ਅਧਿਐਨ ਵਿੱਚ ਇਸ ਦਾ ਵਰਨਣ ਹੈ। ਉਪਸਰਗ ਦਾ ਅਰਥ ਨਿਰਯੁਕਤੀ ਕਾਰ ਨੇ ਇਸ ਪ੍ਰਕਾਰ ਕੀਤਾ ਹੈ।

आंगतुगो य पीलागरो य जो सो उवसग्गो ।

ਅਰਥ—ਜੋ ਕਿਸੇ ਦੇਵਤਾ, ਮਨੁੱਖ ਜਾਂ ਪਸ਼ੂ ਆਦਿ ਦੂਸਰੇ ਪਦਾਰਥ ਰਾਹੀਂ ਆਉਂਦਾ ਹੈ ਜੋ ਸ਼ਰੀਰ ਜਾਂ ਸੰਜਮ ਨੂੰ ਕਸ਼ਟ ਦਿੰਦਾ ਹੈ ਉਹ ਉਪਸਰਗ ਹੈ।

ਉਪਸਰਗਾਂ ਦੇ ਕਈ ਭੇਦ-ਉਪਭੇਦ ਹਨ। ਪਰ ਮੁਖ ਰੂਪ ਵਿੱਚ ਦੋ ਭੇਦ ਹੀ ਪ੍ਰਸਿੱਧ ਹਨ। (1) ਔਘਿਕ (2) ਔਪਕ੍ਰਮਿਕ।

ਅਸ਼ੁਭ ਕਰਮ ਪ੍ਰਕ੍ਰਿਤੀ ਤੇ ਉਤਪੰਨ ਭਾਵ-ਉਪਸਰਗ ਨੂੰ ਔਘਿਕ ਉਪਸਰਗ ਆਖਦੇ ਹਨ। ਡੰਡਾ, ਸ਼ਸਤਰ ਆਦਿ ਨਾਲ ਦਿਤਾ ਕਸ਼ਟ ਔਪਕ੍ਰਮਿਕ ਉਪਸਰਗ ਹੈ।

ਇਸ ਅਧਿਐਨ ਦੇ ਚਾਰ ਉਦੇਸ਼ਕ ਹਨ। ਪਹਿਲੇ ਵਿੱਚ ਪ੍ਰਤਿਲੋਮ ਪ੍ਰਤਿਕੂਲ (ਯੋਗ) ਉਪਸਰਗਾਂ ਦਾ ਵਰਨਣ ਹੈ।

ਦੂਸਰੇ ਉਦੇਸ਼ਕ ਵਿੱਚ ਅਨੁਲੋਮ (ਰਿਸ਼ਤੇਦਾਰ ਜਾਂ ਜਾਨਕਾਰ ਰਾਹੀਂ ਦਿੱਤੇ ਉਪਸਰਗਾਂ ਦਾ ਵਰਨਣ ਹੈ।

ਤੀਸਰੇ ਉਦੇਸ਼ਕ ਵਿੱਚ ਆਤਮਾ ਵਿਚ ਕਲੇਸ਼ ਪੈਦਾ ਕਰਨ ਵਾਲੇ ਅਨੈਤੀਰਥੀ (ਦੂਸਰੇ ਮੱਤਾਂ ਵਾਲੇ) ਦੇ ਤਿੱਖੇ ਬਚਨਾਂ ਰਾਹੀਂ ਪੈਦਾ ਉਪਸਰਗ ਦਾ ਵਰਨਣ ਹੈ।

ਚੌਥੇ ਉਦੇਸ਼ਕ ਵਿੱਚ ਅਨੈਤੀਰਥੀਆਂ ਵਰਗੇ ਉਪਸਰਗਾਂ ਦਾ ਵਰਨਣ ਹੈ। ਇਸ ਅਧਿਐਨ ਦੇ ਪਹਿਲੇ ਭਾਗ ਵਿੱਚ ਪਰਿਸ਼ੇ (ਸਾਧੂ ਜੀਵਨ ਦੇ ਰਾਹ ਦੀਆਂ ਰੁਕਾਵਟਾਂ) ਦਾ ਜ਼ਿਕਰ ਹੈ।

ਸਾਧਕ ਇਨ੍ਹਾਂ ਉਪਸਰਗਾਂ ਦੀ ਜਾਨਕਾਰੀ ਹਾਸਲ ਕਰਕੇ ਆਤਮਾ ਨੂੰ ਮਜਬੂਤ ਬਣਾਉਂਦਾ ਹੈ।

# ਤੀਸਰਾ ਅਧਿਐਨ

# (ਉਪਸਰਗ ਪ੍ਰਗਿਆ) ਪਹਿਲਾ ਉਦੇਸ਼ਕ

ਜਦੋਂ ਤਕ ਜੇਤੂ ਪੁਰਸ਼ ਨੂੰ ਕਾਇਰ ਨਹੀਂ ਵੇਖਦਾ, ਉਸ ਸਮੇਂ ਤਕ ਉਹ ਅਪਣੇ ਆਪ ਨੂੰ ਸੂਰਵੀਰ ਮੰਨਦਾ ਹੈ।

ਜਿਵੇਂ ਸ਼ਿਸ਼ੂ ਪਾਲ ਆਪਣੇ ਆਪ ਨੂੰ ਸੂਰਵੀਰ ਮੰਨਦਾ ਸੀ, ਪਰ ਦਰਿੜ ਪ੍ਰਤਿਗ (ਸ੍ਰੀ ਕ੍ਰਿਸ਼ਨ) ਨੂੰ ਲੜਦੇ ਵੇਖਦੇ ਹੋਏ ਦੁੱਖ ਨੂੰ ਪ੍ਰਾਪਤ ਹੋਇਆ। ਉਸ ਪ੍ਰਕਾਰ ਛੋਟੇ ਵਿਚਾਰਾਂ

---

ਟਿੱਪਣੀ ਗਾਥਾ— 1. ਸ਼ਿਸ਼ੁਪਾਲ ਦੀ ਕਥਾ ਕਾਰ ਨੇ ਇਸ ਪ੍ਰਕਾਰ ਆਖੀ ਹੈ। ਵਸੁਦੇਵ ਦੀ ਭੈਣ ਦੇ ਗਰਭ ਤੇ ਦਮਘੋਸ਼ ਰਾਜਾ ਦਾ ਪੁਤਰ ਸ਼ਿਸ਼ੁਪਾਲ ਪੈਦਾ ਹੋਇਆ। ਉਹ ਚਾਰ ਹੱਥਾਂ ਵਾਲਾ, ਅਦਭੁਤ ਪਰਾਕ੍ਰਮੀ ਤੇ ਝਗੜਾਲੂ ਸੀ। ਉਸ ਦੀ ਮਾਤਾ ਨੇ ਉਸ ਦੇ ਬਚਿੱਤਰ ਸ਼ਰੀਰ ਤੇ ਸੁਭਾਵ ਨੂੰ ਵੇਖ ਕੇ ਇਕ ਜੋਤਸ਼ੀ ਤੋਂ ਉਸ (ਸ਼ਿਸ਼ੁਪਾਲ) ਦਾ ਭਵਿੱਖ ਪੁਛਿਆ। ਜੋਤਸੀ ਨੇ ਰਾਨੀ ਮਾਦਰੀ ਨੂੰ ਕਿਹਾ— "ਤੇਰਾ ਇਸ਼ ਪੁਤਰ ਬਹੁਤ ਯੋਧਾ ਹੋਵੇਗਾ ਪਰ ਜਿਸ ਪੁਰਸ਼ ਨੂੰ ਵੇਖ ਕੇ ਡਰ ਵਸ ਇਸ ਦੀਆਂ ਦੋ ਬਾਹਾਂ ਰਹਿ ਜਾਨ, ਉਸੇ ਪੁਰਸ਼ ਤੋਂ ਇਹ ਡਰੇਗਾ।" ਇਸ ਭਵਿਖ ਵਾਨੀ ਤੋਂ ਪ੍ਰਭਾਵਿਤ ਹੋ ਕੇ ਅਪਣੇ ਪੁਤਰ ਨੂੰ ਸ੍ਰੀ ਕ੍ਰਿਸ਼ਨ ਨੂੰ ਵਿਖਾਇਆ। ਜਿਉਂ ਹੀ ਸ਼ਿਸ਼ੂਪਾਲ ਨੇ ਸ੍ਰੀ ਕ੍ਰਿਸ਼ਨ ਨੂੰ ਵੇਖਿਆ ਉਸ ਦੀਆਂ ਦੋ ਬਾਹਾਂ ਰਹਿ ਗਈਆਂ। ਜੋ ਮਨੁਖ ਦੀਆਂ ਹੁੰਦੀਆਂ ਹਨ।

ਸ਼੍ਰੀ ਕ੍ਰਿਸਨ ਦੀ ਬੁਆ ਅਤੇ ਸ਼ਿਸ਼ੁਪਾਲ ਦੀ ਮਾਂ ਨੇ ਸ੍ਰੀ ਕ੍ਰਿਸ਼ਨ ਦੇ ਪੈਰਾਂ ਵਿਚ ਗਿਰ ਕੇ ਕਿਹਾ—"ਜੇ ਇਹ ਬਾਲਕ ਗ਼ਲਤੀ ਵੀ ਕਰ ਲਵੇ, ਤਾਂ ਮੁਆਫ ਕਰ ਦੇਵੀਂ।" ਸ਼੍ਰੀ ਕ੍ਰਿਸ਼ਨ ਨੇ ਸੌ ਅਪਰਾਧ ਖਿਮਾ ਕਰ ਦੇਨ ਦੀ ਪ੍ਰਤਿਗਿਆ ਲਈ। ਸਮਾਂ ਵੀਤਦਾ ਗਿਆ। ਸ਼ਿਸੁਪਾਲ ਜੁਆਨ ਹੋਕੇ ਸ਼੍ਰੀ ਕ੍ਰਿਸ਼ਨ ਨੂੰ ਗਾਲਾਂ ਦੇਣ ਲੱਗਾ। ਸ਼੍ਰੀ ਕ੍ਰਿਸ਼ਨ ਨੇ ਆਪਣੀ ਪ੍ਰਤਿਗਿਆ ਦਾ ਪੂਰਾ ਪਾਲਨ ਕੀਤਾ। ਜਦ ਸੌ ਅਪਰਾਧ ਪੂਰੇ ਹੋ ਗਏ, ਤਾਂ ਸ਼੍ਰੀ ਕ੍ਰਿਸ਼ਨ ਨੇ ਉਸ ਨੂੰ ਅਜੇਹਾ ਕਰਨ ਤੋਂ ਮਨਾ ਕੀਤਾ ਪਰ ਉਹ ਸ਼ਿਸ਼ੁਪਾਲ ਨਾ ਮਨਿਆ। ਮਜਬੂਰ ਹੋ ਕੇ ਸ਼੍ਰੀ ਕ੍ਰਿਸ਼ਨ ਨੇ ਚੱਕਰ ਰਾਹੀਂ ਉਸ ਦਾ ਸਿਰ ਕਟ ਦਿੱਤਾ।

(ਟੀਕਾਕਾਰ ਸ਼ੀਲਆਚਾਰਿਆ ਜੀ)

ਦੇ ਲੋਕ ਆਪਣੇ ਆਪ ਨੂੰ ਸੂਰਵੀਰ ਮੰਨਦੇ ਹਨ। ਪਰ ਜਦ ਜਿੱਤ ਹਾਸਿਲ ਨਹੀਂ ਕਰਦੇ ਤਾਂ ਉਹਨਾਂ ਨੂੰ ਆਪਣੀ ਤਾਕਤ ਦਾ ਪਤਾ ਚਲਦਾ ਹੈ। (1)

ਲੜਾਈ ਆ ਜਾਣ ਤੇ ਖ਼ੁਦ ਨੂੰ ਸੂਰਵੀਰ ਮੰਨਣ ਵਾਲਾ, ਕਮਜ਼ੋਰ ਪੁਰਸ਼ ਜਦ ਲੜਾਈ ਦੇ ਵਿਚ ਲੜਾਈ ਸ਼ੁਰੂ ਹੁੰਦੀ ਹੈ ਤਾਂ ਲੜਾਈ ਵਿੱਚ ਮਾਂ ਆਪਣੇ ਕੁੱਛੜ ਚੁੱਕੇ ਬੱਚੇ ਦਾ ਧਿਆਨ ਭੁੱਲ ਜਾਂਦੀ ਹੈ। ਅਜਿਹੀ ਲੜਾਈ ਵਿੱਚ ਉਹ ਯੋਧਾ ਅੰਗਾਂ ਦੇ ਭਿੰਨ-ਭਿੰਨ ਹੋ ਜਾਣ ਤੇ ਦੁੱਖ ਉਠਾਉਂਦਾ ਹੈ। (2)

ਇਸੇ ਪ੍ਰਕਾਰ ਪਰਿਸ਼ੇ ਅਤੇ ਉਪਸਰਗਾਂ ਨੂੰ ਸਮਝਦਾ ਹੋਇਆ, ਭਿਖਿਆ ਲੈਣ ਦੀ ਵਿਧੀ ਤੋਂ ਅਣਜਾਣ ਮੁਨੀ ਆਪਣੇ ਆਪ ਨੂੰ ਸੂਰਵੀਰ ਸਮਝਦਾ ਹੈ ਉਹ ਆਖਦਾ ਹੈ, ਕਿ ਦੀਖਿਆ (ਸਾਧੂ ਜੀਵਨ) ਪਾਲਨ ਵਿੱਚ ਕੀ ਪਿਆ ਹੈ ? ਜਦ ਤੱਕ ਸੰਜਮ ਦਾ ਪਾਲਣ ਨਹੀਂ ਹੁੰਦਾ। ਸੰਜਮ ਪਾਲਣ ਕਰਨ ਸਮੇਂ ਭਾਰੇ ਕਰਮਾਂ ਵਾਲਾ, ਉਹ ਕਮਜ਼ੋਰ ਯੁੱਧ ਵਿੱਚ ਅੱਗੇ ਗਏ ਯੋਧੇ ਦੀ ਤਰ੍ਹਾਂ ਦੁੱਖੀ ਹੁੰਦਾ ਹੈ ਅਤੇ ਮੈਦਾਨ ਵਿੱਚੋਂ ਭੱਜ ਜਾਂਦਾ ਹੈ। (3)

ਜਿਵੇਂ ਹਿੰਸਕ ਠੰਡ ਵਿੱਚ ਸਾਰੇ ਅੰਗਾਂ ਨੂੰ ਠੰਡ ਲੱਗਦੀ ਹੈ, ਉਸ ਸਮੇਂ ਭੈੜੇ ਜੀਵ ਦੁੱਖ ਨੂੰ ਪ੍ਰਾਪਤ ਹੁੰਦੇ ਹਨ। ਜਿਵੇਂ ਰਾਜ ਭ੍ਰਸ਼ਟ ਖੱਤਰੀ ਦੁੱਖੀ ਹੁੰਦਾ ਹੈ। (4)

ਗਰਮੀ ਵਿੱਚ ਜ਼ਿਆਦਾ ਗਰਮੀ ਅਤੇ ਪਿਆਸ ਤੋਂ ਦੁੱਖੀ ਹੋ ਕੇ ਨਵਾਂ ਬਣਿਆ ਸਾਧੂ ਉਦਾਸ ਹੋ ਜਾਂਦਾ ਹੈ। ਉਸ ਸਮੇਂ ਉਹ ਮੰਦਾ ਪੁਰਸ਼ ਉਸੇ ਤਰ੍ਹਾਂ ਦੁੱਖੀ ਹੁੰਦਾ ਹੈ ਜਿਵੇਂ ਥੋੜੇ ਪਾਣੀ ਵਿੱਚ ਮੱਛੀ ਦੁੱਖੀ ਹੁੰਦੀ ਹੈ। (5)

ਹਮੇਸ਼ਾ ਦੂਸਰਿਆਂ ਰਾਹੀਂ ਦਿੱਤੀ ਵਸਤੂ ਨੂੰ ਗ੍ਰਹਿਣ ਕਰਨਾ ਸਭ ਤੋਂ ਬੜਾ ਦੁੱਖ ਹੈ, ਮੰਗਣਾ ਸਭ ਤੋਂ ਵੱਡਾ ਕਸ਼ਟ ਹੈ। ਅਜਿਹੀ ਸਥਿਤੀ ਵਿੱਚ ਵਿਵੇਕਹੀਣ ਲੋਕ ਸਾਧੂ ਨੂੰ ਵੇਖ ਆਖ ਦਿੰਦੇ ਹਨ, "ਇਹ ਬੇਚਾਰਾ ਪਿਛਲੇ ਕਰਮਾਂ ਦਾ ਫਲ ਭੋਗ ਰਿਹਾ ਹੈ। (6)

ਜਿਵੇਂ ਕਮਜ਼ੋਰ ਯੋਧਾ ਲੜਾਈ ਵਿੱਚ ਦੁੱਖ ਪਾਉਂਦਾ ਹੈ। ਉਸੇ ਪ੍ਰਕਾਰ ਪਿੰਡ ਜਾਂ ਨਗਰ ਵਿੱਚ ਰਹਿੰਦਾ ਹੋਇਆਂ ਮੂਰਖ ਅਗਿਆਨੀ ਸਾਧੂ ਉਪਰੋਕਤ ਸ਼ਬਦਾਂ ਤੋਂ ਦੁੱਖੀ ਹੋ ਜਾਂਦਾ ਹੈ। (7)

ਭਿੱਖਿਆ ਲਈ ਗਏ ਸਾਧੂ ਨੂੰ ਕੁੱਤੇ ਆਦਿ ਉਸ ਦੇ ਅੰਗ ਕੱਟ ਦਿੰਦੇ ਹਨ। ਇਸ ਗੱਲ ਕਾਰਣ ਉਹ ਉਸੇ ਪ੍ਰਕਾਰ ਦੁੱਖੀ ਹੁੰਦਾ ਹੈ ਜਿਵੇਂ ਅੰਗ ਨੂੰ ਛੂਹਣ ਵਾਲਾ ਮਨੁੱਖ ਦੁੱਖੀ ਹੁੰਦਾ ਹੈ। (8)

ਸਾਧੂ ਦੇ ਦੋਖੀ ਕੋਈ ਸਾਧੂ ਨੂੰ ਸਾਮਣੇ ਵੇਖ ਕੇ ਅਜਿਹੇ ਕਠੋਰ ਬਚਨ ਬੋਲਦੇ ਹਨ— "ਇਹ ਸਾਧੂ ਜੋ ਭੋਜਨ ਨਾਲ ਜ਼ਿੰਦਗੀ ਗੁਜ਼ਾਰਦਾ ਹੈ ਪਿਛਲੇ ਕੀਤੇ ਕਰਮਾਂ ਦਾ ਫਲ ਭੋਗ ਰਿਹਾ ਹੈ।" (9)

ਕੋਈ ਪੁਰਸ਼ ਜਿਨਕਲਪੀ (ਨਗਨ) ਸਾਧੂ ਨੂੰ ਵੇਖ ਕੇ ਆਖਦੇ ਹਨ, "ਇਹ ਸਾਧੂ ਨੰਗੇ ਹਨ, ਭੋਜਨ ਲਈ ਪਰ ਅਧੀਨ ਹਨ, ਮੋਨੇ ਹਨ, ਖਾਜ ਨਾਲ ਇਹਨਾਂ ਦੇ ਅੰਗ ਗਲ ਗਏ ਹਨ, ਮੈਲ ਕਾਰਣ ਇਨ੍ਹਾਂ ਦਾ ਸ਼ਰੀਰ ਗੰਦਾ ਹੈ, ਇਹ ਭੈੜੇ ਤੇ ਦੁੱਖ ਦੇਣ ਵਾਲੇ ਹਨ।" (10)

ਇਸ ਪ੍ਰਕਾਰ ਸਾਧੂ ਤੋਂ ਸੱਚੇ ਮਾਰਗ ਦੇ ਦੋਖੀ, ਅਗਿਆਨੀ ਮਿਥਿਆਤਵ (ਝੂਠ) ਮੋਹ ਰੂਪ ਨਾਲ ਢਕੇ ਮੂਰਖ ਪੁਰਸ਼, ਹਨੇਰੇ ਵਿੱਚੋਂ ਨਿਕਲ ਕੇ ਭਟਕ ਜਾਂਦੇ ਹਨ। (11)

ਮੱਛਰਾਂ ਦੇ ਸਤਾਉਣ ਤੇ ਨਵਾਂ ਬਣਿਆ ਅਗਿਆਨੀ ਭਿਖਸ਼ੂ ਸੋਚਦਾ ਹੈ, "ਇਹ ਔਖਾ ਸੰਜਮ ਪਰਲੋਕ ਲਈ ਪਾਲਣ ਕਰ ਰਿਹਾ ਹਾਂ, ਪਰ ਪਰਲੋਕ ਤਾਂ ਮੈਂ ਵੇਖਿਆ ਨਹੀਂ, ਹਾਂ, ਇਹ ਮੌਤ ਰੂਪੀ ਮੁਸੀਬਤਾਂ ਪ੍ਰਤੱਖ ਵੇਖ ਰਿਹਾ ਹਾਂ।" (12)

ਕੇਸ਼ ਲੋਚ (ਵਾਲ ਪੁੱਟਣ ਦੀ ਜੈਨ ਵਿਧੀ) ਅਤੇ ਕਾਮ ਵਿਕਾਰਾਂ ਤੇ ਜਿੱਤ ਹਾਸਿਲ ਕਰਨ ਵਿੱਚ ਅਸਮਰਥ ਮੂਰਖ ਪੁਰਸ਼, ਦੀਖਿਆ ਧਾਰਨ ਕਰਕੇ ਉਸੇ ਪ੍ਰਕਾਰ ਦੁਖੀ ਹੁੰਦਾ ਹੈ ਜਿਵੇਂ ਜਾਲ ਵਿੱਚ ਫਸੀ ਮੱਛੀ ਦੁੱਖ ਭੋਗਦੀ ਹੈ। (13)

ਜਿਸ ਨਾਲ ਆਤਮਾ ਦੰਡ (ਪਾਪਾਂ) ਦੀ ਭਾਗੀ ਹੁੰਦੀ ਹੈ, ਅਜਿਹੇ ਪਾਪਾਂ ਦਾ ਸੇਵਨ ਕਰਨ ਵਾਲੇ ਮਿਥਿਆਤਵੀ ਅਤੇ ਰਾਗ ਦਵੇਸ਼ੀ ਅਨਾਰਿਆ (ਬੁਰੇ ਲੋਕ) ਸਾਧੂ ਨੂੰ ਕਸ਼ਟ ਦਿੰਦੇ ਹਨ। (14)

"ਕਈ ਕਈ ਅਨਾਰਿਆ ਮਨੁੱਖ, ਅਨਾਰਿਆ ਦੇਸ਼ ਦੀ ਹੱਦ ਕੋਲੋਂ ਗੁਜ਼ਰਦੇ ਹੋਏ ਸਾਧੂਆਂ ਨੂੰ ਆਖਦੇ ਹਨ, "ਇਹ ਜਾਸੂਸ ਹਨ, ਇਹ ਚੋਰ ਹਨ।" ਇਸ ਪ੍ਰਕਾਰ ਆਖ ਕੇ ਰੱਸੀ ਨਾਲ ਸਾਧੂ ਨੂੰ ਬੰਨ੍ਹ ਦਿੰਦੇ ਹਨ ਅਤੇ ਭੈੜੇ ਵਾਕਾਂ ਨਾਲ ਫਿਟਕਾਰਾਂ ਪਾਉਂਦੇ ਹਨ। (15)

ਉਸ ਅਨਾਰਿਆ ਖੇਤਰ ਦੇ ਲੋਕ ਸਾਧੂ ਨੂੰ ਡੰਡੇ, ਮੁੱਕੇ, ਬਿਲ (ਫਲ) ਜਾਂ ਤਲਵਾਰ ਮਾਰਦੇ ਹਨ, ਉਸ ਸਮੇਂ ਉਹ (ਸਾਧੂ) ਆਪਣੇ ਰਿਸ਼ਤੇਦਾਰਾਂ ਨੂੰ (ਮਦਦ ਲਈ) ਯਾਦ ਕਰਦਾ ਹੈ। ਜਿਵੇਂ ਘਰ ਵਾਲਿਆਂ ਨਾਲ ਨਰਾਜ ਹੋਈ ਔਰਤ, ਘਰੋਂ ਬਾਹਰ ਨਿਕਲ ਕੇ ਚੋਰਾਂ ਠੱਗਾਂ ਹੱਥੋਂ ਲੁੱਟਣ ਤੋਂ ਬਾਅਦ ਆਪਣੇ ਘਰ ਵਾਲਿਆਂ ਨੂੰ ਯਾਦ ਕਰਦੀ ਹੈ। (ਉਸੇ ਪ੍ਰਕਾਰ ਸਾਧੂ ਕਸ਼ਟ ਆਉਣ ਤੇ ਆਪਣੇ ਰਿਸ਼ਤੇਦਾਰਾਂ ਨੂੰ ਯਾਦ ਕਰਦੇ ਹਨ)। (16)

ਜਿਵੇਂ ਤੀਰ ਲੱਗਿਆ ਹਾਥੀ ਲੜਾਈ ਵਿਚੋਂ ਭੱਜ ਜਾਂਦਾ ਹੈ ਉਸੇ ਤਰ੍ਹਾਂ ਕਠੋਰ ਤੇ ਨਾ ਸਹਿਣ ਯੋਗ ਪਰਿਸ਼ੇ (ਸਾਧੂ ਪੁਣੇ ਦੇ ਰਾਹ ਆਉਣ ਵਾਲੇ ਕਸ਼ਟ) ਤੋਂ ਦੁਖੀ ਅਸਮਰਥ ਸਾਧੂ ਸੰਜਮ ਤੋਂ ਭ੍ਰਿਸ਼ਟ ਹੋ ਜਾਂਦਾ ਹੈ। ਇਸ ਤਰ੍ਹਾਂ ਮੈਂ ਆਖਦਾ ਹਾਂ। (17)

# ਦੂਸਰਾ ਉਦੇਸ਼ਕ

ਇਹ ਉਪਸਰਗ (ਮੁਸੀਬਤਾਂ) ਇੰਨੀਆਂ ਸੂਖਮ ਹਨ ਕਿ ਬਾਹਰੋਂ ਦਿਖਾਈ ਦਿੰਦੀਆਂ ਹਨ, ਕਿ ਸਾਧੂ ਇਹਨਾਂ ਮੁਸ਼ਕਿਲਾਂ ਤੇ ਮੁਸ਼ਕਿਲ ਨਾਲ ਹੀ ਜਿੱਤ ਹਾਸਿਲ ਕਰਦੇ ਹਨ। ਕਈ ਵਾਰ ਕਸ਼ਟ ਆਉਣ ਤੇ ਉਹ ਦੁੱਖ ਮਹਿਸੂਸ ਕਰਦੇ ਹਨ ਅਤੇ ਆਪਣੀ ਆਤਮਾ ਨੂੰ ਸੰਜਮ ਵਿੱਚ ਸਥਿਰ ਨਹੀਂ ਰਖ ਸਕਦੇ। (1)

ਸਾਧੂ ਨੂੰ ਵੇਖ ਕੇ ਉਸ ਦੇ ਮਾਂ ਪਿਓ ਅਤੇ ਰਿਸ਼ਤੇਦਾਰ ਉਸ ਨੂੰ ਘੇਰ ਕੇ ਰੋਣ ਲਗ ਜਾਂਦੇ ਹਨ। ਉਹ ਆਖਦੇ ਹਨ, "ਹੇ ਪੁੱਤਰ ! ਅਸੀਂ ਤੇਰਾ ਪਾਲਨ-ਪੋਸ਼ਨ ਕੀਤਾ ਹੈ, ਹੁਣ ਬੁਢਾਪੇ ਵਿੱਚ ਤੂੰ ਸਾਡੀ ਦੇਖ ਭਾਲ ਕਰ। ਤੂੰ ਸਾਨੂੰ ਕਿਸ ਕਾਰਣ ਛੱਡ ਰਿਹਾ ਹੈ ? (ਸਾਡਾ ਕੀ ਦੋਸ਼ ਹੈ)।" (2)

(ਉਹ ਆਖਦੇ ਹਨ) "ਤੇਰਾ ਪਿਤਾ ਬੁੱਢਾ ਹੋ ਚੁਕਾ ਹੈ, ਤੇਰੀ ਭੈਣ ਛੋਟੀ ਹੈ, ਪੁੱਤਰ ! ਤੇਰੇ ਸਗੇ ਭਾਈ ਹਨ, ਇਹਨਾਂ ਨੂੰ ਕਿਉਂ ਤਿਆਗ ਰਹੇ ਹੋ ?" (3)

"ਹੇ ਪੁੱਤਰ ! ਮਾਤਾ ਪਿਤਾ ਦੀ ਸੇਵਾ ਕਰੋ, ਅਜਿਹਾ ਕਰਨ ਨਾਲ ਹੀ ਤੇਰਾ ਪਰਲੋਕ ਸੁਧਰੇਗਾ। ਆਪਣੇ ਮਾਤਾ ਪਿਤਾ ਦੀ ਸੇਵਾ ਸੰਸਾਰਿਕ ਦ੍ਰਿਸ਼ਟੀ ਨਾਲ ਵੀ ਸਦਾਚਾਰ ਤੇ ਜ਼ਰੂਰੀ ਹੈ।" (4)

"ਹੇ ਪੁੱਤਰ ! ਇਕ ਇਕ ਕਰਕੇ ਜੰਮੇ, ਮਿੱਠਾ ਬੋਲਣ ਵਾਲੇ ਤੇਰੇ ਪੁੱਤਰ ਵੀ ਅਜੇ ਛੋਟੇ ਹਨ, ਤੇਰੀ ਪਤਨੀ ਜਵਾਨ ਹੈ, ਕਿਤੇ ਅਜਿਹਾ ਨਾ ਹੋਵੇ, ਕਿ ਤੇਰੇ ਘਰ ਛੱਡਣ ਤੇ ਇਹ ਵੀ ਘਰ ਛੱਡ ਕੇ ਕਿਸੇ ਹੋਰ ਪੁਰਸ਼ ਕੋਲ ਚਲੀ ਜਾਵੇ।" (5)

"ਹੇ ਪੁੱਤਰ ! ਚਲੋ ! ਘਰ ਚਲੀਏ ! ਤੂੰ ਘਰ ਕੋਈ ਕੰਮ ਨ ਕਰੀਂ, ਕੋਈ ਗੱਲ ਨਹੀਂ, ਜੇ ਤੂੰ ਇਕ ਵਾਰ ਘਰ ਛੱਡ ਕੇ ਸਾਧੂ ਬਣ ਗਿਆ ਹੈ, ਤੂੰ ਫੇਰ ਮੁੜ ਘਰ ਆ ਜਾ। ਅਸੀਂ ਤੇਰੇ ਸਾਰੇ ਕੰਮਾਂ ਵਿਚ ਸਹਿਯੋਗ ਦੇਵਾਂਗੇ।' (6)

"ਹੇ ਪੁੱਤਰ ! ਇਕ ਵਾਰ ਰਿਸ਼ਤੇਦਾਰਾਂ ਨੂੰ ਮਿਲਕੇ ਫੇਰ ਧਰਮ-ਸਥਾਨ ਤੇ ਆ ਜਾਵੀਂ, ਅਜਿਹਾ ਕਰਨ ਨਾਲ ਤੇਰਾ ਸਾਧੂ ਜੀਵਨ ਵੀ ਖਤਮ ਨਹੀਂ ਹੋਵੇਗਾ। ਜੇ ਤੈਨੂੰ ਘਰ ਤੇ ਪਰਿਵਾਰ ਨਾਲ ਮਮਤਾ ਹੀ ਨਹੀਂ ਹੋਵੇਗੀ, ਤਾਂ ਤੈਨੂੰ ਕੌਣ ਰੋਕ ਸਕਦਾ ਹੈ ? ਜਾਂ ਬੁਢਾਪੇ ਵਿਚ ਤੈਨੂੰ ਸੰਜਮ ਪਾਲਣ ਤੋਂ ਕੌਣ ਰੋਕ ਸਕਦਾ ਹੈ ?" (7)

"ਹੇ ਪੁੱਤਰ ! ਤੂੰ ਜੋ ਕਰਜਾ ਦੇਣਾ ਸੀ ਉਸਨੂੰ ਅਸੀਂ ਮਿਲਕੇ ਖਤਮ ਕਰਵਾ ਦਿਤਾ ਹੈ, ਤੇਰੇ ਗੁਜ਼ਾਰੇ ਲਈ ਕਾਫੀ ਧਨ ਘਰ ਵਿਚ ਮੌਜੂਦ ਹੈ । ਅਸੀਂ ਉਹ ਵੀ ਤੈਨੂੰ ਦੇ ਦੇਵਾਂਗੇ ।" (8)

ਅਜਿਹੇ ਲਭਾਵਨੇ ਬਚਨਾਂ ਰਾਹੀਂ ਰਿਸ਼ਤੇਦਾਰ ਸਾਧੂ ਨੂੰ ਘਰ ਪਰਤਣ ਦੀ ਸਿੱਖਿਆ ਦਿੰਦੇ ਹਨ । ਫੇਰ ਆਪਣੇ ਰਿਸ਼ਤੇਦਾਰਾਂ ਦੇ ਸੰਜੋਗ ਦੇ ਮੋਹ ਵਿਚ ਫਸਿਆ ਭਾਰੇ (ਅਸ਼ੁੱਭ) ਕਰਮਾਂ ਵਾਲਾ ਸਾਧੂ ਦੀਖਿਆ ਛੱਡ ਕੇ ਘਰ ਚਲਾ ਜਾਂਦਾ ਹੈ । (9)

"ਜਿਵੇਂ ਜੰਗਲ ਵਿਚ ਪੈਦਾ ਹੋਈਆਂ ਬੇਲਾਂ ਦਰਖ਼ਤ ਨੂੰ ਜਕੜ ਲੈਂਦੀਆਂ ਹਨ । ਉਸੇ ਪ੍ਰਕਾਰ ਰਿਸ਼ਤੇਦਾਰਾਂ ਦੇ ਬਚਨ ਸਾਧੂ ਦੇ ਮਨ ਵਿਚ ਅਸਮਾਧੀ (ਅਸ਼ਾਂਤੀ) ਪੈਦਾ ਕਰਦੇ ਹਨ । (10)

"ਰਿਸ਼ਤੇਦਾਰਾਂ ਦੇ ਜਾਲ ਵਿਚ ਫਸਿਆ ਸਾਧੂ ਜੀਵਨ ਦਾ ਤਿਆਗੀ ਉਸੇ ਪ੍ਰਕਾਰ ਘਰ ਚਲਿਆ ਜਾਂਦਾ ਹੈ, ਜਿਵੇਂ ਸ਼ਿਕਾਰੀ ਰਾਹੀਂ ਫੜਿਆ ਨਵਾਂ ਹਾਥੀ । ਸ਼ੁਰੂ ਵਿੱਚ ਹਾਥੀ ਦੀ ਖ਼ੂਬ ਖਾਤਰ ਹੁੰਦੀ ਹੈ, ਜਿਵੇਂ ਤਾਜ਼ੀ ਸੂਈ ਗਊ ਆਪਣੇ ਬੱਛੇ ਕੋਲ ਜਾਂਦੀ ਹੈ, ਉਸੇ ਪ੍ਰਕਾਰ ਸੰਸਾਰਿਕ ਮਮਤਾ ਵਿੱਚ ਫਸਿਆ ਸਾਧੂ ਆਪਣੇ ਰਿਸ਼ਤੇਦਾਰਾਂ ਕੋਲ ਚਲਾ ਜਾਂਦਾ ਹੈ ।" (11)

"ਮਨੁੱਖ ਲਈ ਮਾਂ-ਪਿਓ ਆਦਿ ਰਿਸ਼ਤੇਦਾਰਾਂ ਦੇ ਮੋਹ ਦਾ ਤਿਆਗ ਸਮੁੰਦਰ ਵਿਚ ਤੈਰਨ ਦੀ ਤਰ੍ਹਾਂ ਔਖਾ ਹੈ । ਇਸ ਮਮਤਾ ਕਾਰਣ ਕਈ ਲੋਕ ਕਸ਼ਟ ,ਕਲੇਸ਼ ਨੂੰ ਪ੍ਰਾਪਤ ਹੁੰਦੇ ਹਨ । (12)

ਸੰਸਾਰ ਦੇ ਸੰਜੋਗ ਕਰਮ ਆਸ਼ਰਵ (ਨਵੇਂ ਕਰਮ ਬੰਧ) ਦਾ ਰਾਹ ਹਨ । ਅਜਿਹਾ ਜਾਣ ਕੇ ਸਾਧੂ ਉਹਨਾਂ ਦਾ ਤਿਆਗ ਕਰੇ । ਸਰਵੱਗ ਦੇਵ (ਤੀਰਥੰਕਰ) ਰਾਹੀਂ ਦੱਸੇ, ਮਹਾਨ ਧਰਮ ਨੂੰ ਸੁਣਕੇ ਅਸੰਜਮ ਰੂਪੀ ਜੀਵਨ ਦੀ ਇੱਛਾ ਨਾ ਕਰੇ । (13)

ਹੁਣ ਕਸ਼ਯਪ (ਰਿਸ਼ਵਦੇਵ ਤੋਂ ਮਹਾਵੀਰ) ਰਾਹੀਂ ਦੱਸੇ ਗਏ ਹੋਰ ਸੰਸਾਰਿਕ ਚੱਕਰਾਂ ਨੂੰ ਸਮਝਣਾ ਚਾਹੀਦਾ ਹੈ । ਗਿਆਨੀ ਇਹਨਾਂ ਭੁੰਬਲ ਭੂਸਿਆਂ ਤੋਂ ਬਚਦੇ ਹਨ । ਮੂਰਖ ਇਹਨਾਂ ਵਿਚ ਫਸ ਕੇ ਦੁੱਖੀ ਹੁੰਦੇ ਹਨ । (14)

ਰਾਜਾ ਖੱਤਰੀ ਪਰੋਹਿਤ ਆਦਿ ਬ੍ਰਾਹਮਣ ਅਤੇ ਹੋਰ ਖੱਤਰੀ ਆਦਿ ਸਾਧੂ ਵਿਰਤੀ ਨਾਲ ਜੀਵਨ ਗੁਜ਼ਾਰਨ ਵਾਲੇ ਨੂੰ ਕਾਮ-ਭੋਗਾਂ ਦੀ ਪ੍ਰਾਰਥਨਾ ਕਰਦੇ ਹਨ । (15)

(ਇਹ ਲੋਕ ਆਖਦੇ ਹਨ), "ਹੇ ਮਹਾ ਰਿਸ਼ੀ ! ਇਹ ਹਾਥੀ, ਘੋੜੇ, ਰੱਥ ਜਾਂ ਵਿਮਾਨ ਵਿਚ ਬੈਠੋ । ਆਪਣੇ ਮਾਨਸਿਕ ਦੁੱਖਾਂ ਨੂੰ ਦੂਰ ਕਰਨ ਲਈ ਬਾਗ ਵਿਚ ਸੈਰ ਕਰੋ ਅਤੇ ਇਹਨਾਂ ਪ੍ਰਸ਼ੰਸਾ ਯੋਗ ਭੋਗਾਂ ਨੂੰ ਭੋਗੋ । ਅਸੀਂ ਤੁਹਾਡੀ ਪੂਜਾ ਕਰਦੇ ਹਾਂ ।" (16)

(ਉਹ ਅੱਗੇ ਆਖਦੇ ਹਨ) "ਹੇ ਆਯੁਸ਼ਮਾਨ ! (ਲੰਬੀ ਉਮਰ ਵਾਲ) ਸ਼੍ਰਮਣ (ਸਾਧੂ) ਆਪ ਕਪੜੇ, ਕਪੂਰ ਆਦਿ ਖੁਸ਼ਬੂਆਂ ਆਦਿ ਗਹਿਣਿਆਂ ਨਾਲ ਸ਼ਿੰਗਾਰੀਆਂ ਸੁੰਦਰੀਆਂ, ਰੂਈ ਵਾਲੇ ਸਿਰਹਾਣੇ, ਅਤ ਪਲੰਘ ਇਸਤੇਮਾਲ ਕਰੋ । ਇਨ੍ਹਾਂ ਸਾਰੀਆਂ ਵਸਤਾਂ ਨਾਲ ਅਸੀਂ ਆਪ ਦਾ ਸਤਿਕਾਰ ਕਰਦੇ ਹਾਂ।" (17)

"ਹੇ ਸੁਵਰਤਧਾਰੀ ! ਸਾਧੂ ਜੀਵਨ ਵਿਚ ਜੋ ਆਪਣੇ ਮਹਾਵਰਤ ਆਦਿ ਪਾਲੇ ਹਨ, ਉਹ ਗ੍ਰਹਿਸਥ ਧਰਮ ਵਿਚ ਵੀ ਉਸੇ ਪ੍ਰਕਾਰ ਬਰਕਰਾਰ ਰਹਿਣਗੇ।" (18)

"ਹੇ ਮੁਨੀ ! ਆਪ ਨੂੰ ਸੰਗਮ ਪਾਲਦੇ ਬਹੁਤ ਸਮਾ ਹੋ ਗਿਆ ਹੈ । ਹੁਣ ਭੋਗ ਭੋਗਣ ਵਿਚ ਆਪ ਨੂੰ ਕੀ ਦੋਸ਼ ਲਗ ਸਕਦਾ ਹੈ ?" ਇਸ ਪ੍ਰਕਾਰ ਆਖ ਕੇ ਇਹ ਲੋਕ ਸਾਧੂ ਨੂੰ ਫਸਾ ਲੈਂਦੇ ਹਨ, ਜਿਵੇਂ ਚੋਲਾਂ ਦੇ ਕਣਾਂ ਵਿਚ ਸੂਅਰ ਫਸ ਜਾਂਦਾ ਹੈ । (19)

"ਜਿਵੇਂ ਚੜ੍ਹਾਈ ਤੇ ਕਮਜ਼ੋਰ ਬਲਦ ਰੁਕ ਜਾਂਦਾ ਹੈ ਉਸੇ ਪ੍ਰਕਾਰ ਸਾਧੂ ਜੀਵਨ ਪਾਲਣ ਕਰਨ ਲਈ, ਅਚਾਰਿਆ ਆਦਿ ਰਾਹੀਂ ਪ੍ਰੇਰਿਤ ਭਰਿਸ਼ਟ ਸਾਧੂ ਸੰਜਮ ਪਾਲਣ ਕਰਨ ਵਿਚ ਦੁੱਖ ਅਨੁਭਵ ਕਰਦੇ ਹਨ । (20)

ਜਿਵੇਂ ਚੜ੍ਹਾਈ ਸਮੇਂ ਬੁੱਢਾ ਬਲਦ ਦੁੱਖ ਪਾਉਂਦਾ ਹੈ ਉਸੇ ਪ੍ਰਕਾਰ ਸੰਜਮ ਪਾਲਣ ਵਿਚ ਅਸਮਰਥ ਅਤੇ ਤਪੱਸਿਆ ਤੋਂ ਕਮਜ਼ੋਰ ਜੀਵ, ਸੰਸਾਰ ਰੂਪੀ ਮਾਰਗ ਵਿਚ ਦੁੱਖ ਉਠਾਉਂਦਾ ਹੈ । (21)

ਇਸ ਪ੍ਰਕਾਰ ਭੋਗਾਂ ਚਾ ਸੁਨੇਹਾ ਪਾ ਕੇ, ਵਿਸ਼ੇ ਭੋਗ ਦੀ ਸਾਧਨਾ ਵਿਚ ਰੁੱਝੇ, ਇਸਤਰੀਆਂ ਦੇ ਇੱਛੁਕ ਕਾਮ ਭੋਗਾਂ ਵਿਚ ਫਸੇ ਕਈ ਮੂਰਖ, ਸੰਜਮ ਦੀ ਪ੍ਰੇਰਣਾ ਦੇਣ ਦੇ ਵਾਬਜੂਦ ਸਾਧੂ ਧਰਮ ਛੱਡ ਕੇ ਘਰ ਚਲੇ ਜਾਂਦੇ ਹਨ । ਅਜਿਹਾ ਮੈਂ ਆਖਦਾ ਹਾਂ । (22)

# ਤੀਸਰਾ ਉਦੇਸ਼ਕ

ਲੜਾਈ ਵਿੱਚ ਬੁਜਦਿਲ ਜਿਵੇਂ ਆਤਮ ਰੱਖਿਆ ਲਈ ਖਡ, ਡੂੰਘੀ ਜਗ੍ਹਾ ਵਿਚ ਛਿਪ ਜਾਂਦਾ ਹੈ। ਉਹ ਸੋਚਦਾ ਹੈ "ਪਤਾ ਨਹੀਂ ਕਿਸ ਦੀ ਜਿਤ ਹੋਵੇਗੀ ਕਿਸ ਦੀ ਹਾਰ ? ਕਿਉਂ ਨਾ ਆਤਮ ਰੱਖਿਆ ਕਰਨ ਲਈ ਜਗ੍ਹਾ ਤਲਾਸ਼ ਕਰ ਲਈ ਜਾਵੇ ?" (1)

"ਬਹੁਤ ਸਾਰੇ ਮਹੂਰਤਾਂ ਵਿੱਚ ਇਕ ਮਹੂਰਤ ਅਜੇਹਾ ਵੀ ਹੁੰਦਾ ਹੈ ਜਦ ਜਿੱਤ ਜਾਂ ਹਾਰ ਹੁੰਦੀ ਹੈ। ਹੋ ਸਕਦਾ ਹੈ ਹਾਰ ਹੋ ਜਾਵੇ ਅਤੇ ਭਜਨਾ ਪਵੇ।" ਅਜੇਹਾ ਸੋਚਕੇ ਡਰਪੋਕ ਲੁਕਨ ਲਈ ਜਗ੍ਹਾ ਵੇਖ ਲੈਂਦਾ ਹੈ। (2)

ਜਿਵੇਂ ਲੜਾਈ ਵਿਚ ਕਮਜੋਰ ਸਿਪਾਹੀ, ਪਹਿਲਾ ਲੁਕਣ ਦੀ ਥਾਂ ਤਲਾਸ਼ ਕਰ ਰਖਦਾ ਹੈ ਉਸੇ ਪ੍ਰਕਾਰ ਸੰਜਮ ਵਿਚ ਕਮਜੋਰ ਸ੍ਰਮਣ, ਭਵਿਖ ਤੋਂ ਡਰਦਾ ਹੋਇਆ ਜੋਤਸ਼ ਆਦਿ ਸ਼ਾਸਤਰ ਦੀ ਵਿਦਿਆ ਨਾਲ ਰੱਖਿਆ ਕਰਦਾ ਹੈ।,(ਉਹ ਸੋਚਦਾ ਹੈ ਕਦੇ ਵੀ ਸੰਜ਼ਮ ਛਡਣਾ ਪੈ ਸਕਦਾ ਹੈ ਅਤੇ ਫੇਰ ਇਹ ਸ਼ਾਸ਼ਤਰ ਨਾਲ ਮੈਂ ਗੁਜ਼ਾਰਾ ਕਰਾਂਗਾ)। (3)

ਕਮਜ਼ੋਰ ਸਾਧੂ ਸੋਚਦਾ ਹੈ ਮੈਂ ਇਸਤਰੀ ਭੋਗ ਜਾਂ ਸਚਿੱਤ (ਨਾ ਵਰਤੋਂ ਯੋਗ ਸਜੀਵ) ਪਾਣੀ ਨੂੰ ਪੀਣ ਨਾਲ ਸੰਜਮ ਭਰਿਸ਼ਟ ਹੋ ਜਾਵਾਂਗਾ, ਇਸਨੂੰ ਕੌਣ ਜਾਣਦਾ ਹੈ ? ਮੇਰੇ ਪਾਸ ਪਹਿਲਾਂ ਦਾ ਧੰਨ ਨਹੀਂ, ਜੋ ਸਾਧੂਪੁਣਾ ਛੱਡਣ ਤੇ ਕੰਮ ਆ ਸਕੇ। ਉਸ ਸਮੇਂ ਮੈਂ ਹਸਥ ਰੇਖਾ, ਧਨੁਸ਼ ਵਿਦਿਆ, ਵਿਆਕਰਣ ਦਸ ਕੇ ਜੀਵਨ ਗੁਜਾਰ ਲਵਾਂਗਾ। (4)

"ਮੈਂ ਸੰਜਮ ਪਾਲਨ ਕਰ ਸਕਾਂਗਾ ਜਾਂ ਨਹੀਂ" ਅਜੇਹਾ ਸੋਚਣ ਵਾਲਾ ਸ੍ਰਮਣ, ਛਿਪਣ ਦੀ ਥਾਂ ਢੂਡਣ ਵਾਲੇ ਮਨੁੱਖ ਦੀ ਤਰ੍ਹਾਂ ਸੰਜਮ ਨੂੰ ਜਾਨਦਾ ਹੋਇਆ ਇਹ ਸੋਚਦਾ ਹੈ" ਇਹ ਵਿਆਕਰਣ ਵਿਦਿਆ ਮੇਰੇ ਕੰਮ ਆਵੇਗੀ। (5)

ਜੋ ਪੁਰਸ਼ ਸੰਸਾਰ ਵਿਚ ਪ੍ਰਸਿੱਧ ਸੂਰਵੀਰ ਹੈ ਉਹ ਸੰਜਮ ਰੂਪੀ ਲੜਾਈ ਵਿੱਚ ਵੀ ਅੱਗੇ ਵੀ ਰਹਿੰਦਾ ਹੈ ਪਿੱਛੇ ਨਹੀਂ ਝਾਕਦਾ। ਉਹ ਸੋਚਦਾ ਹੈ "ਮੌਤ ਤੋਂ ਵੱਧ ਕੇ ਕੀ ਹੋਵੇਗਾ ? (6)

ਇਸ ਪ੍ਰਕਾਰ ਗ੍ਰਹਿਸਥ ਬੰਧਨ ਤੇ ਪਾਪਾਂ ਨੂੰ ਛਡ ਕੇ ਬਹਾਦਰ ਭਿਖਸ਼ੂ ਸੰਜਮ ਲਈ ਤਿਆਰ ਹੁੰਦਾ ਹੈ ਉਹ ਮੋਕਸ਼ (ਨਿਰਵਾਨ) ਵੱਲ ਅੱਗੇ ਵੱਧਦਾ ਹੈ। (7)

ਅਨੇਤੀਰਥੀ (ਦੂਸ਼ਰੇ ਮੱਤਾਂ) ਦੇ ਲੋਕ ਸੱਚੇ ਸਾਧੂ ਦੇ ਸੰਜਮ ਪ੍ਰਤਿ ਸ਼ੱਕ ਪ੍ਰਗਟ ਕਰਦੇ ਹਨ। ਉਹ ਲੋਕ ਸਮਾਧੀ (ਆਤਮਿਕ ਸੁੱਖ) ਤੋਂ ਦੂਰ ਹਨ। (8)